ਡਾਰੋਂ ਵਿਛੜੀ ਕੂੰਜ

ਹਰਕਿੰਦਰ ਸਿੰਘ ਕਾਲੀਆ

ਫੈਕਟਰੀ ਵਿੱਚ ਓਵਰ ਟਾਈਮ ਨਾ ਲੱਗਣ ਕਾਰਨ ਅੱਜ ਮੈਂ ਦਿਨ ਖੜ੍ਹੇ ਹੀ ਘਰ ਆ ਗਿਆ। ਸਾਈਕਲ ਨੂੰ ਕੰਧ ਨਾਲ ਲਾ ਕੇ ਖੜ੍ਹਾਉਂਦਿਆਂ ਹੀ ਮਾਂ ਨੂੰ ਆਵਾਜ਼ ਮਾਰੀ "ਬੀਬੀ ਛੇਤੀ-ਛੇਤੀ ਰੋਟੀ ਬਣਾ ਲੈ ਭੁੱਖ ਬਹੁਤ ਲੱਗੀ ਆ।" ਮੱਝ ਦੀ ਧਾਰ ਕੱਢ ਕੇ ਦੁੱਧ ਦੀ ਬਾਲਟੀ ਰਸੋਈ ਵੱਲ ਲਈ ਜਾਂਦੀ ਹੋਈ ਮਾਂ ਬੋਲੀ "ਪੁੱਤ ਤੂੰ ਨਹਾ ਲੈ ਮੈਂ ਹੁਣੇ ਹੀ ਤੇਰੇ ਲਈ ਰੋਟੀ ਬਣਾ ਦਿੰਦੀ ਹਾਂ। ਮੈਂ ਨਲਕੇ ਤੋਂ ਪਾਣੀ ਦੀ ਬਾਲਟੀ ਭਰ ਕੇ ਗੁਸਲਖਾਨੇ ਵਿੱਚ ਨਹਾਉਣ ਲਈ ਚੱਲਾ ਗਿਆ। ਪਾਣੀ ਦੇ ਤਿੰਨ-ਚਾਰ ਡੱਬੇ ਪਿੰਡੇ ਉੱਤੇ ਪਾਉਣ ਸਾਰ ਹੀ ਥੱਕੇ ਟੁੱਟੇ ਸਰੀਰ ਵਿੱਚ ਕੁੱਝ ਜਾਨ ਜਿਹੀ ਆ ਗਈ। ਲਾਈਟ ਨਾ ਹੋਣ ਕਾਰਨ ਗਰਮੀ ਤੋਂ ਰਾਹਤ ਪਾਉਣ ਲਈ ਮੈਂ ਆਪਣੇ ਘਰ ਦੀ ਛੱਤ ਤੇ ਚਲਾ ਗਿਆ। ਡੁੱਬਦੇ ਸਰਜ ਦੀ ਲਾਲੀ ਨੇ ਸਾਰੇ ਆਕਾਸ਼ ਦਾ ਰੰਗ ਲਾਲ ਕੀਤਾ ਹੋਇਆ ਸੀ। ਸ਼ਾਮ ਦੇ ਢੱਲਣ ਅਤੇ ਹਨ੍ਹੇਰਾ ਪੈਣ ਦੀ ਤਿਆਰੀ ਹੋਣ ਕਰਕੇ ਕਾਵਾਂ ਦੇ ਝੁੰਡ ਮਟਰ ਗਸ਼ਤੀਆਂ ਕਰਦੇ ਹੋਏ ਵਾਪਸ ਆਪਣੇ ਆਲ੍ਹਣਿਆਂ ਵੱਲ ਪਰਤ ਰਹੇ ਸਨ। ਪਿਛਲੇ ਪੰਦਰਾਂ-ਵੀਹਾਂ ਦਿਨਾਂ ਤੋਂ ਫੈਕਟਰੀ ਵਿੱਚ ਲਗਾਤਾਰ ਓਵਰਟਾਈਮ ਲਾਉਣ ਕਾਰਨ ਮੈਨੂੰ ਥਕਾਵਟ ਜਿਹੀ ਮਹਿਸੂਸ ਹੋ ਰਹੀ ਸੀ। ਥੋੜ੍ਹਾ ਅਰਾਮ ਕਰਨ ਲਈ ਮੈਂ ਕੋਠੇ ਤੇ ਪਏ ਪੰਜੇ ਉੱਤੇ ਲੇਟਿਆ ਕੁੱਝ ਖਿਆਲਾਂ ਵਿੱਚ ਗਵਾਚ ਗਿਆ। ਅਚਾਨਕ ਅਸਮਾਨ ਵਿੱਚ ਸ਼ੋਰ ਮਚਾਉਂਦੀ ਕੂੰਜਾਂ ਦੀ ਇੱਕ ਡਾਰ ਨੇ ਮੇਰੇ ਖਿਆਲਾਂ ਦੀ ਲੜੀ ਤੋੜ ਦਿੱਤੀ। ਸੰਸਾਰਿਕ ਝਮੇਲਿਆਂ ਤੋਂ ਮੁਕਤ ਲਾਈਨਾਂ ਬਣਾਈ ਅੱਠਖੇਲੀਆਂ ਕਰਦੀ ਇਹ ਕੂੰਜਾਂ ਦੀ ਡਾਰ ਸਾਡੇ ਕੋਠੇ ਤੋਂ ਦੂਰ ਖੇਤਾਂ ਵੱਲ ਨੂੰ ਜਾ ਰਹੀ ਸੀ।

ਮੈਂ ਓਨੀ ਦੇਰ ਉਸ ਡਾਰ ਨੂੰ ਵੇਖਦਾ ਰਿਹਾ, ਜਿੰਨੀ ਦੇਰ ਉਹ ਮੇਰੇ ਆ ਨਜ਼ਰਾਂ ਤੋਂ ਦੂਰ ਨਾ ਹੋਈ। ਉੱਡਦੀ-ਉੱਡਦੀ ਉਹ ਕੂੰਜਾਂ ਦੀ ਡਾਰ ਮੇਰੀਆਂ ਨਜ਼ਰਾਂ ਤੋਂ ਦੂਰ ਨਾ ਹੋਈ। ਉੱਡਦੀ-ਉੱਡਦੀ ਉਹ ਕੂੰਜਾਂ ਦੀ ਡਾਰ ਬਚਨ ਸਿਹੁੰ ਦੇ ਚੁਬਾਰੇ ਓਹਲੇ ਹੋ ਗਈ। ਗੁਆਚੀ ਹੋਈ ਡਾਰ ਨੂੰ ਲੱਭਦੀ ਹੋਈ ਮੇਰੀ ਨਜ਼ਰ ਚੁਬਾਰੇ 'ਤੇ ਖੜ੍ਹੀ ਇੱਕ ਮਾਸੂਮ ਜਿਹੇ ਚਿਹਰੇ ਵਾਲੀ ਕੜੀ 'ਤੇ ਜਾ ਪਈ ਜੋ ਲਗਾਤਾਰ ਮੇਰੇ ਵੱਲ ਵੇਖ ਰਹੀ ਸੀ। ਇਸ ਤੋਂ ਪਹਿਲਾਂ ਕਦੇ ਵੀ ਮੈਂ ਉਸ ਨੂੰ ਆਪਣੇ ਪਿੰਡ ਵਿੱਚ ਨਹੀਂ ਸੀ ਵੇਖਿਆ। ਥੋੜ੍ਹੀ ਜਿਹੀ ਝਿਜਕ ਕਾਰਨ ਮੈਂ ਇੱਧਰ-ਉੱਧਰ ਵਖਣ ਲੱਗ ਪਿਆ। ਪਰ ਉਹ ਹਾਲੇ ਵੀ ਮੇਰੇ ਵੱਲ ਵੇਖੀ ਜਾ ਰਹੀ ਸੀ। ਉਸ ਦੇ ਹੋਠਾਂ ਉੱਤੇ ਆਈ ਮਿੰਨੀ-ਮਿੰਨੀ ਮੁਸਕੁਰਾਹਟ ਮੱਲੋ-ਮੱਲੀ ਮੇਰਾ ਧਿਆਨ ਆਪਣੇ ਵੱਲ ਖਿੱਚਦੀ ਜਾ ਰਹੀ ਸੀ। 'ਪੁੱਤ ਹੇਠਾਂ ਉਤਰ ਕੇ ਰੋਟੀ ਖਾ ਲੈ।" ਮਾਂ ਨੇ ਆਵਾਜ਼ ਦਿੱਤੀ, ਪਰ ਛੱਤ ਤੋਂ ਥੱਲੇ ਜਾਣ ਨੂੰ ਪਤਾ ਨਹੀਂ ਕਿਉਂ ਦਿਲ ਨਹੀਂ ਸੀ ਕਰ ਰਿਹਾ। ਉਸਦਾ ਉਦਾਸ ਜਿਹਾ ਚਿਹਰਾ ਅਜੇ ਵੀ ਮੇਰੇ ਵੱਲ ਵੇਖੀ ਜਾ ਰਿਹਾ ਸੀ। ਮਾਂ ਦੇ ਛੱਤ ਉੱਤੇ ਨਾ ਆ ਜਾਣ ਦੇ ਡਰੋਂ ਮੈਂ ਡਰਦਾ ਹੋਇਆ ਹੇਠਾਂ ਰੋਟੀ ਖਾਣ ਲਈ ਚੱਲਾ ਗਿਆ। ਥਾਲੀ ਵਿੱਚ ਰੋਟੀ ਪਾ ਕੇ ਮਾਂ ਨਲਕੇ ਤੋਂ ਪਾਣੀ ਲੈਣ ਚੱਲੀ ਗਈ। ਭੁੱਖ ਹੋਣ ਦੇ ਬਾਵਜੂਦ ਵੀ ਰੋਟੀ ਖਾਣ ਨੂੰ ਦਿਲ ਨਹੀਂ ਸੀ ਕਰਦਾ। ਵਾਰ-ਵਾਰ ਉਸੇ ਕੁੜੀ ਦਾ ਖਿਆਲ ਆ ਰਿਹਾ ਸੀ। 'ਕੁੜੇ ਪ੍ਰੀਤਮ ਕੁਰੇ ਘਰੇ ਐਂ।" ਬਾਹਰੋਂ ਕਿਸੇ ਬਜ਼ੁਰਗ ਔਰਤ ਦੀ ਆਵਾਜ਼ ਆਈ।

"ਆਜਾ ਲੰਘਿਆ ਤਾਈ।" ਮਾਂ ਨੇ ਦਰਵਾਜ਼ਾ ਖੋਲ੍ਹਦਿਆਂ ਕਿਹਾ। "ਜਿਉਂਦੀ ਰਹਿ ਧੀਏ" ਮੈਂ ਤਾਂ ਬਚਨ ਸਿਹੁੰ ਕੇ ਆਈ ਸੀ ਸੋਚਿਆ ਸੁੱਖਸਾਂਦ ਪੁੱਛਦੀ ਜਾਂਵਾ। ਹੋਰ ਧੀਏ ਸਾਰੇ ਠੀਕ-ਠਾਕ ਨੇ।

'ਬੇਬੇ ਵਾਹਿਗੁਰੂ ਦੀ ਕ੍ਰਿਪਾ ਨਾਲ ਸਭ ਠੀਕ-ਠਾਕ ਏ। ਮਾਂ ਨੇ ਵਿਹੜੇ ਵਿੱਚ ਮੰਜਾ ਡਾਹੁੰਦਿਆਂ ਕਿਹਾ।

ਸ਼ੁੱਕਰ ਏ ਵਾਹਿਗੁਰੂ ਦਾ, ਬੇਬੇ ਮੰਜੇ 'ਤੇ ਬੈਠ ਗਈ।

"ਬੇਬੇ ਮੱਥਾ ਟੇਕਦਾਂ।" ਜਿਉਂਦਾ ਰਹਿ ਪੁੱਤ ਯੁੱਗ-ਯੁੱਗ ਜੀ ਜੁਆਨੀਆਂ ਮਾਣ। ਕਿੱਥੇ ਰਹਿਨਾ ਪੁੱਤ ਹੁਣ ਤਾਂ ਤੂੰ ਦਿੱਸਦਾ ਹੀ ਨਹੀਂ।? ਮੇਰੇ ਸਿਰ ਤੇ ਆਪਣਾ ਹੱਥ ਫੇਰਦਿਆਂ ਕਿਹਾ।

'ਬੱਸ ਬੇਬੇ ਫੈਕਟਰੀ ਵਿੱਚ ਕੰਮ ਕਰਨ ਜਾਂਦਾ ਹਾਂ। ਤੜਕੇ ਚੱਲੇ ਜਾਈਦਾ ਤੇ ਫੇਰ ਆਥਣੇ ਆਈਦਾ।

"ਚੱਲ ਚੰਗਾ ਬੱਗਿਆ ਸ਼ੇਰਾ ਕੰਮ ਵਿੱਚ ਈ ਆ ਜੋ ਹੈ।

"ਬੇਬੇ ਇਹਨੂੰ ਕਿਹਾ ਸੀ ਪੁੱਤ ਆਰਾਮ ਕਰ ਤਾਂ ਸਾਰੀ ਉਮਰ ਕੰਮ ਹੀ ਕਰਨੇ ਨੇ। ਇਸ ਦੇ ਮਾਮੇ ਦੀ ਚਿੱਠੀ ਆਈ ਸੀ ਵਲੈਤ ਵਿੱਚੋਂ ਕਹਿੰਦਾ ਸੀ ਮੈਂ ਇਹਨੂੰ ਇੱਧਰ ਹੀ ਲੈ ਜਾਵਾਂਗਾ। ਏਜੰਟ ਨੂੰ ਪੈਸੇ ਵੀ ਦੇ ਦਿੱਤੇ। ਬੱਸ ਮਹੀਨੇ ਦੋ ਮਹੀਨੇ ਅੰਦਰ ਚਲਾ ਜਾਵੇਗਾ। ਫੇਰ ਸਾਰੀ ਉਮਰ ਕਮਾਉਣ ਨੂੰ ਹੀ ਆਂ।

"ਲੈ ਧੀਏ ਜੰਟਾ ਦੇ ਪੱਟੇ ਤਾਂ ਰਾਸ ਨੀਂ ਆਏ।"

ਬਚਨ ਸਿਹੁੰ ਦੇ ਸਾਲੇ ਦੀ ਕੁੜੀ ਨੂੰ ਗਲੈਂਡ ਭੇਜਣ ਦਾ ਤਿੰਨ ਲੱਖ ਰੁਪਿਆ ਲੈ ਲਿਆ ਤੇ ਜੰਟ ਕੁੜੀ ਨੂੰ ਦਿੱਲੀ ਛੱਡ ਕੇ ਸਾਰਾ ਪੈਸਾ ਧੇਲਾ ਲੈ ਕੇ ਭੱਜ ਗਿਆ। ਕੁੜੀ ਨੇ ਦਿੱਲੀਓਂ ਟੈਲੀਫੋਨ ਕਰ ਦਿੱਤਾ ਅਖੇ ਮੈਨੂੰ ਇੱਥੋਂ ਆ ਕੇ ਲੈ ਜਾਵੋ।" ਵਿਚਾਰਾ ਬਚਨ ਸਿਹੁੰ ਲੈ ਕੇ ਆਇਆ ਕੁੜੀ ਨੂੰ ਦਿੱਲੀਓਂ ਜਾ ਕੇ।

"ਅੱਛਾ ਬੇਬੇ ਤਾਹੀਓਂ ਉਹ ਕੁੜੀ ਇੱਥੇ ਹੀ ਇਨ੍ਹਾਂ ਕੋਲੇ ਰਹਿੰਦੀ ਆ।"

'ਆਹੋ' ਧੀਏ ਜਿੰਨਾ ਨੇ ਪੈਸੇ ਲੈਣੇ ਆ। ਉਹ ਵਿਆਜ਼ੜੀਏ ਤਾਂ ਉਸਦੇ ਪਿੰਡ ਬਿੜਕਾਂ ਲੈਂਦੇ ਫਿਰਦੇ ਨ। ਵਿਚਾਰਾ ਗਰੀਬ ਬਾਪ ਕਿੱਥੋਂ ਮੋੜੇ ਪੈਸਾ ਜਿਹੜੇ ਵਿਆਜ ਚੁੱਕੇ ਸਨ। ਅੱਗੋਂ ਦੂਜੀਆਂ ਮੁਟਿਆਰਾਂ ਧੀਆਂ ਵੀ ਵਿਆਹੁਣੀਆਂ ਨੇ।

ਮਾਂ ਅਤੇ ਬੇਬੇ ਆਪਸ ਵਿੱਚ ਇਸ ਕੁੜੀ ਦੀਆਂ ਗੱਲਾਂ ਕਰ ਰਹੀਆਂ ਸਨ। ਮੈਂ ਚੁੱਪ-ਚਾਪ ਉੱਥੋਂ ਉੱਠ ਕੇ ਆਪਣੇ ਘਰ ਦੀ ਛੱਤ ਤੇ ਚਲਾ ਗਿਆ। ਸੂਰਜ ਦੇ ਛਿੱਪ ਜਾਣ ਕਾਰਨ ਹਨ੍ਹੇਰੇ ਨੇ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਸਨ। ਹਨ੍ਹੇਰੇ ਦੀ ਕਾਲਖ ਨਾਲ ਭਰੇ ਆਕਾਸ਼ ਵਿੱਚ ਇੱਕ ਸਫੈਦ ਕੂੰਜ ਕੁਰਲਾਉਂਦੀ ਹੋਈ ਆਪਣੀ ਮੰਜ਼ਿਲ ਲੱਭਣ ਲਈ ਇੱਧਰ-ਉੱਧਰ ਭਟਕ ਰਹੀ ਸੀ, ਪਰ ਉਹ ਹਾਲੇ ਵੀ ਆਪਣਾ ਉਦਾਸ ਜਿਹਾ ਚਿਹਰਾ ਲਈ ਛੱਤ ਤੇ ਖੜ੍ਹੀ ਉਸ ਡਾਰੋਂ ਵਿਛੜੀ ਕੂੰਜ ਵੱਲ

ਜਦੋਂ ਮੈਨੂੰ ਕਰੰਟ ਲੱਗਿਆ

ਜਸਵੀਰ ਕਲਸੀ ਧਰਮਕੋਟੀਆ

ਆਮ ਤੌਰ 'ਤੇ ਬਿਜਲੀ ਦਾ ਕਰੰਟ ਲੱਗ ਜਾਂਦਾ ਹੈ। ਇਹ ਕਰੰਟ ਮਨੁੱਖ, ਪਸ਼ੂ-ਪੰਛੀ, ਜਾਨਵਰ ਅਤੇ ਰੁੱਖ, ਫਸਲ, ਬਾਲਣ ਨੂੰ ਲੱਗ ਜਾਵੇ ਤਾਂ ਨੁਕਸਾਨ ਹੁੰਦਾ ਹੈ। ਘੱਟ ਤੋਂ ਘੱਟ ਜਾਂ ਨਾ ਥੋੜ੍ਹਾ ਨਾ ਬਹੁਤਾ ਜਾਂ ਵੱਧ ਤੋਂ ਵੱਧ ਆਦਿ ਨੁਕਸਾਨ ਦੀਆਂ ਮੁੱਖ ਕਿਸਮਾਂ ਹਨ। ਬਿਜਲੀ ਦਾ ਕਰੰਟ ਸਰੀਰਕ ਤੌਰ 'ਤੇ ਹੀ ਲੱਗਦਾ ਹੈ, ਪਰ ਇਹ ਕਰੰਟ ਮਾਨਸਿਕ ਤੌਰ ਤੇ ਵੀ ਲੱਗਦਾ ਹੈ। ਸਰੀਰਕ ਕਰੰਟ ਨਾਲੋਂ ਮਾਨਸਿਕ ਕਰੰਟ ਵੱਧ ਮਾਰੂ ਹੈ। ਸ਼ਰੀਰਕ ਕਰੰਟ ਵਿੱਚ ਬਾਹਰੀ ਜਾਂ ਅੰਦਰੂਨੀ ਜਖਮ ਹੁੰਦੇ ਹਨ। ਉਨ੍ਹਾਂ ਦਾ ਡਾਕਟਰੀ ਇਲਾਜ ਹੋ ਜਾਂਦਾ ਹੈ। ਕਈ ਵਾਰ ਕਰੰਟ ਨਾਲ ਸਰੀਰਕ ਮੌਤ ਵੀ ਹੋ ਜਾਂਦੀ ਹੈ, ਪਰ ਮਾਨਸਿਕ ਕਰੰਟ ਵਿੱਚ ਜੀਵ-ਜੰਤੂ ਦੀ ਸੋਚਣ ਸ਼ਕਤੀ ਉੱਤੇ ਬੁਰਾ ਅਸਰ ਪੈਂਦਾ ਹੈ। ਖਾਸ ਤੌਰ 'ਤੇ ਮਨੁੱਖ ਦੀ ਸੋਚਣ ਸ਼ਕਤੀ ਸੋਚਾਂ ਵਿੱਚ ਘਿਰ ਜਾਂਦੀ ਹੈ।

ਅਕਤੂਬਰ 2009 ਦੇ ਪਹਿਲੇ ਹਫਤੇ ਦੇ ਇੱਕ ਦਿਨ ਜਦੋਂ ਮੈਨੂੰ ਮਾਨਸਿਕ ਕਰੰਟ ਲੱਗਿਆ? ਇਸ ਦਿਨ ਮੈਂ ਆਪਣੀ ਡਿਊਟੀ ਤੋਂ ਛੁੱਟੀ ਹੋਣ ਬਾਅਦ ਨਵੇਂ ਸਕੇਲ ਨਾਲ ਲਾਗੂ ਤਨਖਾਹ ਲੈ ਕੇ ਘਰ ਪਹੁੰਚਿਆ ਤਾਂ ਖੁਸ਼ ਸਾਂ। ਘਰ ਦੇ ਵੀ ਖੁਸ਼ ਕਰ ਦਿੱਤੇ ਸੀ, ਕਿਉਂਕਿ ਨਵੀਂ ਤਨਖਾਹ ਵਿੱਚ ਵੱਧ ਆਕਸੀਜਨ ਸੀ, ਜਿਸ ਕਰਕੇ ਸਾਹ ਸੌਖਾ-ਸੌਖਾ ਆਉਂਦਾ ਮਹਿਸੂਸ ਹੋਇਆ ਸੀ। ਸੌਖੇ ਸਾਹਾਂ ਨਾਲ ਸੋਚਿਆ ਕਿ ਹੁਣ ਕੁੱਝ ਸ਼ੌਕ ਪੂਰੇ ਕਰਾਂਗਾ। ਤਨਖਾਹ ਦੀ ਵੰਡ-ਵੰਡਾਈ ਵਿੱਚੋਂ ਹੋਈ ਬੱਚਤ ਦਾ ਹੀ ਇਹ ਸੋਚਣਾ ਸੀ। ਇੰਝ ਸੋਚਦਿਆਂ ਇੱਕ ਘੰਟੇ ਕੁ ਦਾ ਜੀਵਨ ਹੀ ਬੀਤਿਆ ਸੀ ਕਿ ਮੇਰੀ ਸਾਢੇ ਤਿੰਨ ਕੁ ਸਾਲ ਦੀ ਭਤੀਜੀ ਮੇਰੇ ਕੋਲ ਆ ਕੇ ਬੋਲੀ "ਆ ਲਵੋ !ਤਾਂ ਮੈਂ ਉਸ ਵੱਲ ਵੇਖਿਆ, ਉਹ ਆਪਣੇ ਨਿੱਕੇ-ਨਿੱਕੇ ਹੱਥਾਂ ਨਾਲ ਮੇਰੀ ਡਾਕ ਨੂੰ ਫੜ੍ਹੀ ਖੜ੍ਹੀ ਸੀ। ਮੈਂ ਕਿਹਾ "ਬੱਬੂ ਮੇਰੇ ਸਿਰਹਾਣੇ ਰੱਖ ਦੇ।" ਉਹ ਰੱਖ ਕੇ ਚੱਲੀ ਗਈ ਸੀ। ਡਾਕ ਵਿੱਚ ਬਿਜਲੀ ਬਿੱਲ ਵੀ ਹੈ ਮੈਂ ਵੇਖ ਲਿਆ ਸੀ। ਤਨਖਾਹ ਵਿੱਚੋਂ ਬਿਜਲੀ ਬਿੱਲ ਲਈ ਅੱਠ ਸੌ ਰੁਪਏ ਰੱਖੇ ਸਨ। ਇਹ ਰਕਮ ਰੱਖਦਿਆਂ ਮੈਂ ਸੋਚਿਆ ਵੀ ਸੀ ਕਿ ਜੇਕਰ ਬਿੱਲ ਇੱਕ-ਦੋ ਸੌ ਰੁਪਏ ਵੱਧ ਵੀ ਆ ਗਿਆ ਤਾਂ ਵੀ ਪੂਰਾ ਕਰ ਦਿਆਂਗਾ।

ਮੇਰਾ ਮਨ ਡਾਕ ਵੇਖਣ ਲਈ ਕਾਹਲਾ ਪੈ ਜਾਂਦਾ ਹੈ। ਡਾਕ ਨੂੰ ਸਰਾਣੇ ਹੇਠੋਂ ਚੁੱਕ ਕੇ ਵੇਖਿਆ। ਇੱਕ ਸਾਹਿਤਕ ਰਸਾਲਾ, ਦੂਜਾ ਬਿਜਲੀ ਬਿੱਲ ਹੀ ਸੀ। ਬਿੱਲ ਖੋਲ੍ਹ ਕੇ ਵੇਖਿਆ ਤਾਂ ਉਸ ਨੇ ਕਰੰਟ ਮਾਰਿਆ। ਮਾਨਸਿਕ ਕਰੰਟ। ਮੇਰਾ ਉਤਲਾ ਸਾਹ ਉੱਪਰ, ਹੇਠਲਾ ਸਾਹ ਹੇਠਾਂ ਹੀ ਰਹਿ ਗਿਆ ਸੀ।

ਇੱਕ ਵਾਰ ਤਾਂ ਮੈਂ ਸੁੰਨ ਹੀ ਹੋ ਗਿਆ ਸਾਂ। ਕੁੱਝ ਮਿੰਟਾਂ ਬਾਅਦ ਬਿੱਲ ਦੁਆਰਾ ਵੇਖਿਆ ਤਾਂ ਫਿਰ ਹੈਰਾਨ ਹੋਇਆ ਕਿ ਬਿੱਲ ਦੀ ਰਕਮ ਪੂਰੀ ਕਰਨ ਲਈ ਕੀ ਕਰਾਂ? ਵਧੀ ਤਨਖਾਹ ਨੇ ਜੋ ਖੁਸ਼ੀ ਦਿੱਤੀ ਸੀ ਅਤੇ ਜੋ ਸ਼ੌਕ ਪੂਰੇ ਕਰਨ ਦੀ ਸੋਚ ਜਾਗੀ ਸੀ, ਬਿੱਲ ਵੇਖ ਕੇ ਇਹ ਸਭ ਵਰਤਾਰੇ ਸੁਪਨਾ ਬਣ ਗਏ ਲੱਗੇ।

ਬਿਜਲੀ! ਇਹ ਹੁਣ ਬਹੁਤ ਮਹਿੰਗੀ ਕਿਉਂ ਹੋ ਗਈ ਹੈ? ਇਹ ਸਰੀਰ ਨੂੰ ਕਰੰਟ ਮਾਰਨ ਦੇ ਨਾਲ-ਨਾਲ ਮਨੁੱਖੀ ਮਾਨਸਿਕਤਾ ਨੂੰ ਵੀ ਕਰੰਟ ਮਾਰਨ ਲੱਗੀ ਹੈ। ਇਸ ਤੋਂ ਕਿਵੇਂ ਬਚਿਆ ਜਾਵੇ? ਮੇਰਾ ਪਰਿਵਾਰ ਤਾਂ ਪਹਿਲਾਂ ਵੀ ਬਿਜਲੀ ਦੀ ਵਰਤੋਂ ਸੰਭਲ ਕੇ ਕਰਦਾ ਸੀ, ਪਰ ਦੂਜੇ ਦਿਨ ਜਦੋਂ ਮੈਂ ਡਿਊਟੀ ਤੋਂ ਘਰ ਆਇਆ ਤਾਂ ਵੇਖਿਆ ਕਿ ਮੇਰੀ ਪਤਨੀ ਪੱਖੇ ਥੱਲੇ ਮੰਜਾ ਡਾਹ ਕੇ ਸੁੱਤੀ ਪਈ ਸੀ ਤੇ ਮੈਂ ਵੇਖਿਆ ਕਿ ਉੱਪਰਲਾ ਪੱਖਾ ਵੀ ਸੁੱਤਾ ਪਿਆ ਸੀ। ਮੈਂ ਕਮਰੇ ਅੰਦਰ ਜਾ ਕੇ ਬਿਜਲੀ ਦੇ ਹੋਣ ਜਾਂ ਨਾ ਹੋਣ ਦਾ ਪਤਾ ਲਗਾਇਆ ਤਾਂ ਬਿਜਲੀ ਹੈਗੀ ਸੀ। ਮੈਂ ਸੋਚਿਆ ਕਿ ਅੱਜ ਮੇਰੀ ਪਤਨੀ ਬਿਜਲੀ ਦੀ ਹੋਰ ਬੱਚਤ ਕਰ ਰਹੀ ਹੈ, ਪਰ ਮੇਰੇ ਤੋਂ ਹੋਰ ਸੋਚਿਆ ਗਿਆ ਕਿ ਜਿੰਨਾ ਲੋਕਾਂ ਦੀ ਆਮਦਨ ਰੋਜ਼ਾਨਾ ਦੋ ਸੌ ਰੁਪਏ ਤੋਂ ਹੇਠਾਂ ਵੱਲ ਨੂੰ ਹੈ ਅਤੇ ਨਾਲ ਇਹ ਵੀ ਹੈ ਕਿ ਪੂਰਾ ਮਹੀਨਾ ਜਾਂ ਪੂਰਾ ਸਾਲ ਦਿਹਾੜੀਆਂ ਵੀ ਨਹੀਂ ਲੱਗਦੀਆਂ। ਅਜਿਹੇ ਲੋਕਾਂ ਲਈ ਬਿਜਲੀ ਕਿਹੋ ਜਿਹਾ ਕਰੰਟ ਮਾਰਦੀ ਹੈ? ਹੋ ਸਕਦਾ ਹੈ ਕਿ ਉਹ ਲੋਕ ਬਿਜਲੀ ਦੀ ਚੋਰੀ ਹੀ ਵੱਧ ਕਰਦੇ ਹੋਣਗੇ। ਦੂਜਾ ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਨੇ ਬਿਜਲੀ ਕੁਨੈਕਸ਼ਨ ਕਟਵਾ ਦਿੱਤੇ ਹੋਣਗੇ। ਜੇਕਰ ਉਹ ਬਿਜਲੀ ਚੋਰੀ ਕਰਦੇ ਹਨ ਤਾਂ ਚੋਰ ਅਖਵਾਉਂਦੇ ਹਨ। ਜੇਕਰ ਉਹ ਬਿਜਲੀ ਚੋਰੀ ਨਹੀਂ ਕਰਦੇ ਤਾਂ ਫਿਰ ਹਨ੍ਹੇਰੇ ਵਿੱਚ ਜਿਉਂਦੀ-ਧੜਕਦੀ ਜ਼ਿੰਦਗੀ ਦੀ ਥਾਂ ਜਿਉਂਦੀ ਧੜਕਦੀ ਲਾਸ਼ ਬਣ ਜੀਵਨ ਜਿਉਂ ਰਹੇ ਹਨ?

ਇੱਕ ਹੋਰ ਉਦਾਹਰਣ ਹੈ ਕਿ ਪਿਛਲੇ ਦਿਨੀਂ ਮੈਂ ਆਪਣੇ ਸੱਜਣ-ਮਿੱਤਰ ਦੇ ਸ਼ਹਿਰ ਵਿੱਚੋਂ ਉਸ ਦੇ ਪੁੱਤਰ ਦੀ ਦੁਕਾਨ ਅੱਗੋਂ ਲੰਘ ਰਿਹਾ ਸਾਂ ਕਿ ਅਚਨਚੇਤ ਹੀ ਮੇਰਾ ਸੱਜਣ-ਮਿੱਤਰ ਨਾਲ ਮੇਲ ਹੋਇਆ। ਉਸ ਨੇ ਮੈਨੂੰ ਗੁੱਟ ਤੋਂ ਪਿਆਰ ਨਾਲ ਫੜ੍ਹ ਖਿੱਚਿਆ ਤੇ ਆਪਣੇ ਪੁੱਤਰ ਦੀ ਦੁਕਾਨ ਅੰਦਰ ਲੈ ਗਿਆ। ਜਿੱਥੇ ਕੁੱਝ ਸਮੇਂ ਵਿੱਚ ਹੀ ਮੈਂ ਵੇਖਿਆ-ਸੁਣਿਆ, ਇੱਕ ਅੱਧਖੜ ਉਮਰ ਦੀ ਔਰਤ ਬਿਜਲੀ ਦਾ ਬਿਲ ਹੱਥ ਵਿੱਚ ਫੜੀ ਆਈ ਸੀ ਤੇ ਮੇਰੇ ਸੱਜਣ-ਮਿੱਤਰ ਨਾਲ ਬਹਿਸ ਕਰਨ ਲੱਗ ਪਈ ਸੀ। ਉਸ ਬਹਿਸ ਵਿੱਚੋਂ ਮੈਨੂੰ ਪਤਾ ਲੱਗਾ ਕਿ ਉਹ ਔਰਤ ਮੇਰੇ ਸੱਜਣ-ਮਿੱਤਰ ਦੇ ਘਰ ਕਿਰਾਏ ਦਾਰ ਹੈ। ਬਿੱਲ ਬਹੁਤ ਵੱਧ ਆਉਣ ਕਾਰਨ ਹੀ ਬਹਿਸ ਕਰ ਰਹੇ ਸਨ। ਅਖੀਰ ਮੇਰੇ ਸੱਜਣ ਮਿੱਤਰ ਨੇ ਕਿਹਾ ਸੀ ਕਿ ਇਹ ਬਿੱਲ ਤੈਨੂੰ ਭਰਨਾ ਹੀ ਪਊਗਾ। ਮੈਂ ਇਸ ਵਿੱਚ ਕੁੱਸ਼ ਨਹੀਂ ਕਰ ਸਕਦਾ। ਬਿੱਲ ਤੈਨੂੰ ਭਰਨਾ ਹੀ ਪੈਣਾ ਤੇ ਨਾਲ ਹੀ ਕਮਰਾ ਵੀ ਵਿਹਲਾ ਕਰ ਦਿਓ। ਮੈਂ ਵੇਖਿਆ ਉਹ ਔਰਤ ਗੁੰਮਸੁੰਮ ਹੋ ਗਈ ਸੀ। ਹੁਣ ਮੈਂ ਵੀ ਗੁੰਮਸੁੰਮ ਹੀ ਹਾਂ, ਕਿਉਂਕਿ ਆਏ ਬਿੱਲ ਦੇ ਕਰੰਟ ਨੇ ਐਸਾ ਝਟਕਾ ਮਾਰਿਆ ਕਿ ਮੇਰੇ ਸੁਪਨਿਆਂ ਵਿੱਚ ਚਿੱਬ ਪਾ ਦਿੱਤੇ ਹਨ।

ਮੈਂ ਚਾਹੁੰਦਾ ਹਾਂ ਕਿ ਪੰਜਾਬ ਬਿਜਲੀ ਬੋਰਡ ਸਖਤ ਫੈਸਲੇ ਲਵੇ, ਨੁਕਸਾਨ ਨੂੰ ਘਟਾਏ। ਪਰ ਆਮ ਬਿਜਲੀ ਖਪਤਕਾਰ ਉੱਤੇ ਬਿੱਲ ਦਾ ਬੋਝ ਘੱਟ ਤੋਂ ਘੱਟ ਹੋਣਾ ਚਾਹੀਦਾ ਹੈ। ਮੁਫਤ ਬਿਜਲੀ ਦੀ ਥਾਂ ਬਿੱਲ ਦੀ ਰਕਮ ਦਾ ਅੱਧ ਵਸੂਲ ਕਰਨਾ ਚਾਹੀਦਾ ਹੈ, ਪਰ ਪੰਜਾਬ ਸਰਕਾਰ ਨੇ ਸ਼ਿਮਲਾ ਵਿਖੇ 'ਪੰਜਾਬ ਵਿਚਾਰ' ਮੀਟਿੰਗ ਵਿੱਚ ਸਬਸਿਡੀਆਂ ਖਤਮ ਕਰਨ ਦੀ ਸੰਭਾਵਨਾ ਨੂੰ ਰੱਦ ਕਰ ਦਿੱਤਾ ਹੈ। ਹੁਣ ਇਸੇ ਕਾਰਨ ਹੀ ਨਵੇਂ ਰੇਟ ਦੇ ਬਿਜਲੀ ਬਿੱਲ ਆ ਗਏ ਨੇ ਤੇ ਉਹੀ ਮੇਰੇ ਵਰਗਿਆਂ ਨੂੰ ਕਰੰਟ ਮਾਰ ਰਹੇ ਹਨ।

ਜਿਉਂਦੇ ਜੀ ਨਰਕ

ਸਫ਼ਾ IV ਦੀ ਬਾਕੀ

ਹੈ। ਉਸਨੂੰ ਤਾਂ ਹਾਲੋ-ਬੇ-ਹਾਲ ਕਰ ਦਿੱਤਾ। ਫਿਕਰ ਨਾਲ ਉਸਦਾ ਕੀ ਹਾਲ ਹੋ ਗਿਆ। ਫੁੱਲਾਂ ਵਾਂਗ ਰੱਖੀ ਸੀ ਅਸੀਂ ਆਪਣੀ ਧੀ। ਅਸੀਂ ਉਸ ਵਾਸਤੇ ਸੱਭ ਕੁੱਝ ਕਰਨ ਨੂੰ ਤਿਆਰ ਹਾਂ। ਪੈਸੇ ਦੀ ਕੋਈ ਫਿਕਰ ਨਹੀਂ, ਜੋ ਚਾਹੁੰਦੇ ਹੋ ਲੈ ਕੇ ਦੇਵਾਂਗੇ, ਸਾਡੀ ਕੁੜੀ ਨੂੰ ਤੰਗ ਨਾ ਰੱਖੀਂ। ਇਹ ਲਫਜ਼ ਸਰਬਜੀਤ ਦੇ ਪਿਉ ਦੇ ਸਨ।"

"ਭਾਪਾ ਜੀ, ਜਿੰਨ੍ਹੇ ਜੋਗੇ ਹਾਂ ਉਨ੍ਹਾਂ ਕਰਦੇ ਹਾਂ, ਬੱਸ ਇੱਜ਼ਤ ਚਾਹੀਦੀ ਹੈ। ਬਾਕੀ ਗੱਲ ਇਹ ਹੈ ਕਿ ਮੈਂ ਆਪਣੀ ਮਾਂ ਦੇ ਵਿਰੁੱਧ ਨਹੀਂ ਜਾ ਸਕਦਾ। ਸਰਬਜੀਤ ਦਾ ਦਿਲ ਨਹੀਂ ਮਿਲਣ ਨੂੰ ਕਰਦਾ ਤਾਂ ਨਾ ਮਿਲੇ, ਪਰ ਮੈਨੂੰ ਨਾ ਰੋਕੇ ਮਿਲਣੋਂ। ਆਪਣੀ ਮਾਂ ਦੇ ਵਿਰੁੱਧ ਕੁੱਝ ਸੁਨਣਾ ਵੀ ਨਹੀਂ।"

"ਤੇ ਸਾਡੀ ਭੈਣ ਨੂੰ ਤੁਹਾਡੀ ਮਾਂ ਚਾਹੇ ਜੋ ਮਰਜ਼ੀ ਕਹੀ ਜਾਵੇ, ਸਾਡੀ ਭੈਣ ਕਿਸੇ ਦੀ ਧੀ-ਭੈਣ ਨਹੀਂ। ਅਸੀਂ ਮਰੇ ਨਹੀਂ। ਭਾਅ ਜੀ ਜੋ ਵੀ ਤੁਹਾਡੀ ਗੱਲ ਹੈ, ਜੋ ਤੁਹਾਡੀ ਮਰਜ਼ੀ ਸਮਝੋ। ਸਾਡੀ ਭੈਣ ਨੂੰ ਜਿਹੜਾ ਤੰਗ ਕਰੇਗਾ, ਸਾਥੋਂ ਬੁਰਾ ਕੋਈ ਨਹੀਂ, ਤੱਲਖੀ 'ਚ ਆਉਂਦਾ ਰਣਜੀਤ ਦਾ ਸਾਲਾ ਬੋਲਿਆ।"

"ਮੈਂ ਤੁਹਾਡੀਆਂ ਧਮਕੀਆਂ ਨਹੀਂ ਸੁਨਣ ਆਇਆ! ਮੈਨੂੰ ਸਭ ਪਤਾ ਹੈ ਮੈਂ ਆਪਣੀ ਜਨਾਨੀ ਕਿਵੇਂ ਰੱਖਣੀ ਹੈ। ਤੇਰੀ ਅਕਲ ਦੀ ਕੋਈ ਲੋੜ ਨਹੀਂ।" ਰਣਜੀਤ ਇੱਥੇ ਬੈਠ ਕੇ ਆਪਣੀ ਅਤੇ ਆਪਣੇ ਪਰਿਵਾਰ ਦੀ ਬੇ-ਇੱਜ਼ਤੀ ਮਹਿਸੂਸ ਕਰ ਰਿਹਾ ਸੀ। ਰਣਜੀਤ ਦਾ ਸਹੁਰਾ ਆਪਣੇ ਮੁੰਡੇ ਨੂੰ ਗੁੱਸੇ ਹੁੰਦਾ ਬੋਲਿਆ, "ਤੂੰ ਬਹੁੱਤਾ ਸਿਆਣਾ ਨਾ ਬਣ। ਅਸੀਂ ਜੁ ਬੈਠੇ ਹਾਂ, ਜੋ ਮਰਜ਼ੀ ਕਹਿ ਸਕਦੇ ਹਾਂ। ਤੇਰਾ ਕੋਈ ਹੱਕ ਨਹੀਂ ਬਣਦਾ, ਤੈਨੂੰ ਫਿਕਰ ਕਰਨ ਦੀ ਲੋੜ ਨਹੀਂ। ਸਾਨੂੰ ਤੇਰੇ ਨਾਲੋਂ ਵੱਧ ਫਿਕਰ ਹੈ। ਆਪਣੀ ਧੀ ਸਰਬਜੀਤ ਦੇ ਪਰਾਹੁਣੇ ਆਪਣੇ ਜੀਜੇ ਦੀ ਇੱਜ਼ਤ ਕਰ ਕੰਜਰਾ!"

"ਨਾ-ਨਾ ਪੁੱਤ, ਜੀਜੇ ਨਾਲ ਇਵੇਂ ਨਾ ਬੋਲ, ਭੈਣ ਦਿੱਤੀ ਹੈ ਉਸਨੂੰ, ਮਾਂ ਵੀ ਧੀਰਜ ਨਾਲ ਬੋਲੀ। ਰਣਜੀਤ ਦਾ ਗੁੱਸਾ ਠੰਡਾ ਹੋਇਆ।, ਪਰ ਉਸਦਾ ਮਨ ਸਹੁਰਿਆਂ ਵੱਲੋਂ ਖੱਟਾ ਹੋ ਗਿਆ। ਉਸ ਦਾ ਆਂਪਣੀ ਮਾਂ ਵੱਲ ਝੁਕਾਅ ਹੋਰ ਵੱਧ ਗਿਆ। ਰਣਜੀਤ ਸਰਬਜੀਤ ਨੂੰ ਆਪਣੇ ਘਰ ਲੈ ਆਇਆ। ਕੁੱਝ ਸਮੈਂ ਬਾਅਦ ਸਰਬਜੀਤ ਇੱਕ ਵਾਰ ਫਿਰ ਗਰਭਵਤੀ ਹੋ ਗਈ। ਹੁਣ ਤਾਂ ਸੱਸ ਦੇ ਵੀ ਰੰਗ-ਢੰਗ ਬਦਲ ਗਏ। ਰਣਜੀਤ ਦੇ ਚਿਹਰੇ 'ਤੇ ਖੁਸ਼ੀ ਝਲਕ ਰਹੀ ਸੀ। ਹੁਣ ਸੋਚਿਆ ਕਿ ਸਰਬਜੀਤ ਦੇ ਘਰ ਪੁੱਤ ਜੰਮ ਪਵੇਤਾਂ ਘਰ ਦਾ ਮਾਹੌਲ ਠੀਕ ਹੋ ਜਾਵੇ। ਰਣਜੀਤ ਦੀ ਪੀੜ੍ਹੀ ਚੱਲ ਪਵੇ ਮਾਂ ਉਮੀਦ ਲਗਾਈ ਬੈਠੀ ਸੀ। ਕੁੱਝ ਮਹੀਨਿਆਂ ਬਾਅਦ ਸਰਬਜੀਤ ਨੇ ਰਿਸ਼ਟ-ਪੁਸ਼ਟ ਮੁੰਡੇ ਨੂੰ ਜਨਮ ਦਿੱਤਾ। ਘਰ ਵਿੱਚ ਖੂਬ ਖੁਸ਼ੀ ਕੀਤੀ ਗਈ। ਦੋਹਾਂ ਘਰਾਂ ਵਿੱਚ ਰੌਣਕ ਲੱਗੀ।

ਸਮਾਂ ਆਪਣੀ ਚਾਲੇ ਚੱਲਦਾ ਗਿਆ। ਸਾਲ ਕੁ ਮਾਹੌਲ ਠੀਕ ਰਿਹਾ ਫਿਰ ਕਲੇਸ਼ ਪੈਣੀ ਸ਼ੁਰੂ ਹੋ ਗਈ। ਜਿੱਥੇ ਰਣਜੀਤ ਦੀ ਮਾਂ ਦੀ ਦਖਲ-ਅੰਦਾਜ਼ੀ ਉਥੇ ਰਣਜੀਤ ਦੇ ਸਹੁਰਿਆਂ ਦੀ ਵੀ ਦਖਲ-ਅੰਦਾਜ਼ੀ ਕਾਫੀ ਵੱਧ ਚੁੱਕੀ ਸੀ। ਸਰਬਜੀਤ ਦੀਆਂ ਗਲਤੀਆਂ ਵੱਲ ਧਿਆਨ ਨਹੀਂ ਦੇ ਰਹੇ ਓਨ, ਉਲਟਾ ਉਸਦਾ ਉਤਸ਼ਾਹ ਵਧਾ ਰਹੇ ਸਨ। ਦੋਹਾਂ ਪ੍ਰਵਾਰਾਂ ਵਿੱਚ ਟਕਰਾ ਵੱਧ ਗਿਆ। ਹੁਣ ਸਰਬਜੀਤ ਨੇ ਰਣਜੀਤ ਦੀ ਇੱਜ਼ਤ ਕਰਨੀ ਬਿਲਕੁਲ ਛਡ ਦਿੱਤੀ ਸੀ। ਤੂੰ-ਤੂੰ ਕਰਕੇ ਬੋਲਦੀ। ਆਂਢ-ਗੁਆਂਢ ਸਰਬਜੀਤ ਦੀਆਂ ਬੁਰਾਈਆਂ ਦੀ ਗੱਲ ਹੋਣੀ ਸ਼ੁਰੂ ਹੋ ਗਈ।

"ਇੱਕ ਦਿਨ ਲੜਾਈ ਦੀ ਹੱਦ ਹੋ ਗਈ। ਰਣਜੀਤ ਨੇ ਸਰਬਜੀਤ ਨੂੰ ਕੁੱਟਿਆ, ਆਵਾਜ਼ ਸੁਣ ਕੇ ਆਂਢ-ਗੁਆਂਢ ਇਕੱਠਾ ਹੋ ਗਿਆ, ਬੜੀ ਮੁਸ਼ਕਲ ਨਾਲ ਮਾਹੋਲ ਸ਼ਾਂਤ ਕੀਤਾ ਗਿਆ। ਸਰਬਜੀਤ ਨੇ ਕੁੱਝ ਨਾ ਖਾਧਾ-ਪੀਤਾ। ਗੁੱਸੇ ਵਿੱਚ ਘਰ ਪਿਆ ਮਿੱਟੀ ਦਾ ਤੇਲ ਆਪਣੇ ਉਪਰ ਸੁੱਟ ਕੇ ਆਪਣੇ-ਆਪ ਨੂੰ ਅੱਗ ਲਗਾ ਲਈ। ਲੜਾਈ ਕਾਰਣ ਰਣਜੀਤ ਵਿਹੜੇ ਵਿੱਚ ਜਾ ਪਿਆ। ਜਦ ਅੱਗ ਦਾ ਸੇਕ ਲੱਗਿਆ ਤਾਂ ਸਰਬਜੀਤ ਚੀਕਾਂ ਮਾਰਣ ਲੱਗੀ। ਰਣਜੀਤ ਇੱਕ ਦਮ ਉਠਿਆ, ਰਾਤ ਵੇਲੇ ਲੋਕ ਇਕੱਠੇ ਹੋ ਗਏ। ਕਿਸੇ ਤਰੀਕੇ ਨਾਲ ਅੱਗ ਉਤੇ ਕਾਬੂ ਪਾ ਲਿਆ। ਸਰਬਜੀਤ ਦੇ ਮਾਸੀ-ਮਾਸੜ ਵੀ ਆ ਗਏ। ਉਸੇ ਵੇਲੇ ਸਰਬਜੀਤ ਨੂੰ ਹਸਪਤਾਲ ਖੜਿਆ ਗਿਆ। ਸਰਬਜੀਤ ਦੇ ਪੇਕੇ ਸੱਭ ਪਤਾ ਲੱਗਣ 'ਤੇ ਹਸਪਤਾਲ ਪੁੱਜ ਗਏ।"

"ਰਣਜੀਤ ਸਿੰਘ ਦੇ ਸਾਲੇ ਖੜਕ ਸਿੰਘ ਨੇ ਰਣਜੀਤ ਨੂੰ ਗਲ ਤੋਂ ਫੜ੍ਹ ਲਿਆ, "ਤੂੰ ਸਾਡੀ ਭੈਣ ਸਾੜ ਦਿੱਤੀ, ਛੱਡਣਾ ਤੈਨੂੰ ਵੀ ਨਹੀਂ। ਤੇਰੇ ਪੂਰੇ ਖਾਨਦਾਨ ਨੂੰ ਤਬਾਹ ਨਾ ਕੀਤਾ ਤਾਂ ਅਸੀਂ ਵੀ ਜੱਟਾਂ ਦੇ ਪੁੱਤ ਨਹੀਂ।" ਇਹ ਲਫਜ਼ ਕਹਿੰਦਿਆਂ ਖੜਕ ਸਿੰਘ ਨੇ ਰਣਜੀਤ ਦੇ ਘਸੁੰਨ ਛੱਡ ਦਿੱਤਾ। ਅੱਗੋਂ ਰਣਜੀਤ ਕਿਹੜਾ ਘੱਟ ਸੀ, ਬਦਲੇ ਵਿੱਚ ਉਸਨੇ ਵੀ ਖੜਕ ਸਿੰਘ ਦੇ ਚਪੇੜਾਂ ਕੱਢ ਮਾਰੀਆਂ। ਸਰਬਜੀਤ ਦੀ ਮਾਂ ਤੇ ਭਰਜਾਈ ਨੇ ਰਣਜੀਤ ਦੀ ਮਾਂ ਨੂੰ ਗੁੱਤੋਂ ਫੜ੍ਹ ਲਿਆ। ਗੁੱਸੇ ਵਿੱਚ ਚੀਖ-ਚੀਖ ਕੇ ਇੱਕ ਦੂਜੇ 'ਤੇ ਅੱਗ ਵਰ੍ਹਾਉਂਦੀਆਂ ਬੋਲੀਆਂ, "ਕੁਤੀਏ, ਕੰਜਰੀਏ, ਰੰਡੀਏ ਰੰਨੇ ਤੂੰ ਸਾਡੀ ਸਰਬਜੀਤ ਨੂੰ ਸਾੜ ਕੇ ਮਾਰ ਦਿੱਤਾ, ਬਚੇਂਗੀ ਤੂੰ ਵੀ ਨਹੀਂ। ਕੰਜਰਾਂ ਦਾ ਸਾਰੇ ਦਾ ਸਾਰਾ ਟੱਬਰ ਜੇਲ੍ਹ ਵਿੱਚ ਚੱਕੀ ਪੀਸੇਗਾ।"

"ਇੱਕ ਤਾਂ ਸਰਬਜੀਤ ਸੜੀ ਪਈ ਸੀ, ਦੂਜਾ ਇਹ ਲੜਾਈ-ਝਗੜਾ, ਮਾਰ-ਕੁਟਾਈ ਮਰਨ ਮਾਰਨ ਤੇ ਆਈ ਹੋਈ ਸੀ। ਹਾਜ਼ਰ ਲੋਕਾਂ ਨੇ ਬੜੀ ਮੁਸ਼ਕਲ ਨਾਲ ਵਾਤਾਵਰਣ ਨੂੰ ਸ਼ਾਂਤ ਕੀਤਾ। ਰਾਤ ਲੰਘੀ, ਕਈ-ਕਈ ਦਿਨ ਬੀਤੇ। ਸਰਬਜੀਤ ਕਾਫੀ ਹੱਦ ਤੱਕ ਸੜ ਚੁੱਕੀ ਸੀ। ਖੜਕ ਸਿੰਘ, ਉਸਦੀ ਜਨਾਨੀ, ਮਾਂ, ਚਾਚਾ, ਮਾਮਾ ਸੱਭ ਰਣਜੀਤ ਅਤੇ ਉਸ ਦੇ ਪਰਿਵਾਰ ਨੂੰ ਫਾਹੇ ਲਗਾਉਣ ਦੇ ਹੱਕ ਵਿੱਚ ਸਨ। ਕਾਰਣ ਇੱਕ ਤਾਂ ਕੁੜੀ ਕਰੂਪ ਹੋ ਚੁੱਕੀ ਸੀ, ਦੂਜਾ ਉਸਦੇ ਮੁੰਡੇ ਦੀ ਦੇਖਭਾਲ ਅਤੇ ਉਸਦੇ ਭਵਿੱਖ ਦਾ ਫਿਕਰ। ਸਰਬਜੀਤ ਦੇ ਪਿਉ ਨੇ ਸਰਬਜੀਤ ਨੂੰ ਕਿਹਾ, "ਵੇਖ ਪੁੱਤ! ਜੋ ਹੋਣਾ ਸੀ ਸੋ ਹੋ ਗਿਆ। ਤੇਰਾ ਮੁੰਡਾ ਠੀਕ ਠਾਕ ਰਹੇ। ਤੂੰ ਪੁਲਿਸ ਨੂੰ ਇਹ ਬਿਆਨ ਦੇ ਦੇਈਂ, ਕਿ ਰੋਟੀ ਪਕਾਉਂਦੇ ਅੱਗ ਲੱਗ ਗਈ। ਕਿਸੇ ਦਾ ਨਾਮ ਨਾ ਲਈਂ।"

"ਠੀਕ ਹੈ ਭਾਪਾ ਜੀ, ਜਿਵੇਂ ਤੁਸੀਂ ਕਹੋਗੇ, ਉਵੇਂ ਹੀ ਕਰਾਂਗੀ, ਪਰ ਭਾਪਾ ਜੀ ਉਹਨਾਂ ਨੇ ਮੇਰੇ ਨਾਲ ਘੱਟ ਨਹੀਂ ਕੀਤੀ।" ਉਹ ਤਾਂ ਸੱਭ ਪਤਾ ਹੈ, ਪਰ ਫਿਰ ਵੀ ਬੇਟਾ ਰਹਿਣਾ ਤਾਂ ਤੂੰ ਉਸੇ ਘਰ ਵਿੱਚ ਹੈ।" ਸਰਬਜੀਤ ਦੇ ਬਿਆਨ ਨਾਲ ਰਣਜੀਤ ਅਤੇ ਉਸਦਾ ਪਰਿਵਾਰ ਬੱਚ ਗਿਆ।

"ਹੁਣ ਤਾਂ ਰਣਜੀਤ ਅਤੇ ਰਣਜੀਤ ਦੇ ਪਰਵਾਰ ਨੇ ਇੱਕ ਗੱਲ ਮਨ ਵਿੱਚ ਪੱਕੀ ਧਾਰ ਲਈ ਸੀ ਕਿ ਕਿਸੇ ਵੀ ਕੀਮਤ 'ਤੇ ਸਰਬਜੀਤ ਨੂੰ ਘਰ ਨਹੀਂ ਲਿਆਉਣਾ। ਉਸ ਕੋਲੋਂ ਛੁਟਕਾਰਾ ਪਾ ਲੈਣਾ ਹੈ। ਕਾਫੀ ਸਮਾਂ ਸਰਬਜੀਤ ਹਸਪਤਾਲ ਵਿੱਚ ਰਹੀ, ਫਿਰ ਆਪਣੇ ਮਾਂ-ਪਿਉ ਦੇ ਘਰ ਆ ਗਈ। ਮਾਂ-ਪਿਉ ਨੇ ਮਾਸੀ-ਮਾਸੜ ਵਿਚੋਲਿਆਂ ਨੂੰ ਸੱਦਿਆ ਅਤੇ ਉਹਨਾਂ ਦੇ ਹੱਥ ਸੁਨੇਹਾ ਭੇਜਿਆ ਕਿ ਆ ਕੇ ਸਰਬਜੀਤ ਅਤੇ ਮੁੰਡੇ ਨੂੰ ਲੈ ਜਾਉ। ਰਣਜੀਤ ਨੇ ਮਾਂ ਦੇ ਲਫਜ਼ ਸਨ, "ਹੁਣ ਚਾਹੇ ਜੋ ਮਰਜ਼ੀ ਹੋ ਜਾਵੇ, ਅਸੀਂ ਸਰਬਜੀਤ ਨੂੰ ਇਸ ਘਰ ਵਿੱਚ ਪੈਰ ਨ ਹੀਂ ਰੱਖਣਾ ਦੇਣਾ। ਪਹਿਲਾਂ ਹੀ ਮਸਾਂ ਬਚੇ ਹਾਂ, ਇਸ ਦਾ ਕੀ ਪਤਾ? ਹੁਣ ਤਾਂ ਤਲਾਕ ਹੋ ਕੇ ਹੀ ਰਹੇਗਾ।"

"ਕੁੱਝ ਮਹੀਨੇ ਹੋਰ ਬੀਤ ਗਏ। ਗੱਲ ਸਿਰੇ ਚੜ੍ਹਦੀ ਨਜ਼ਰ ਨਹੀਂ ਆ ਰਹੀ ਸੀ। ਸਰਬਜੀਤ ਦੇ ਮਾਂ-ਪਿਉ ਨੇ ਪੁਲਿਸ ਵਿੱਚ ਰਣਜੀਤ ਤੇ ਉਸਦੇ ਪਰਵਾਰ ਦੇ ਵਿਰੁੱਧ ਪਰਚਾ ਦੇ ਦਿੱਤਾ। ਪੁਲਿਸ ਰਣਜੀਤ ਨੂੰ ਫੜ੍ਹ ਕੇ ਲੈ ਗਈ। ਕੁੱਝ ਸਮੇਂ ਬਾਅਦ ਰਣਜੀਤ ਫਿਰ ਬਾਹਰ ਆ ਗਿਆ। ਵਕੀਲ ਰਾਹੀਂ ਕੇਸ ਕਰ ਦਿੱਤ ਗਿਆ। ਅਦਾਲਤ ਦੀਆਂ ਤਰੀਕਾਂ ਤੇ ਰਣਜੀਤ ਅਤੇ ਉਸਦਾ ਪਰਵਾਰ ਪੇਸ਼ ਨਾ ਹੋਇਆ। ਕਾਫੀ ਸਮਾਂ ਲੰਘ ਗਿਆ। ਪੁਲਿਸ ਘਰ ਵਿੱਚ ਛਾਪੇ ਮਾਰਦੀ। ਰਣਜੀਤ ਅਤੇ ਉਸਦਾ ਪਰਿਵਾਰ ਭਗੌੜਾ ਹੋ ਗਿਆ। ਕਈ ਹਫਤਿਆਂ ਬਾਅਦ ਘਰ ਵਾਪਸ ਆਂਇਆ।

"ਅੰਤ ਫਿਰ ਪੰਚਾਇਤ ਫੈਸਲਾ ਲਿਆ ਗਿਆ। ਰਣਜੀਤ ਸਿੰਹਾਂ, ਤੇਰਾ ਕੀ ਫੈਂਸਲਾ ਹੈ? ਤੂੰ ਜੇ ਆਪਣੀ ਜਨਾਨੀ ਘਰ ਰੱਖਣੀ ਚਾਹੁੰਦਾ ਹੈਂ ਤਾਂ ਲੈ ਆ! ਜੇ ਨਹੀਂ ਰੱਖਣੀ ਚਾਹੁੰਦਾ ਤਾਂ ਵੀ ਦੱਸ।"

" "ਪੰਚਾਇਤ ਦਾ ਫੈਂਸਲਾ ਸਿਰ ਮੱਥੇ ਭਰੀ ਪੰਚਾਇਤ ਵਿੱਚ ਮੈਂ ਸਵੀਕਾਰ ਕਰਦਾ ਹਾਂ, ਮੈਂ ਕਿਸੇ ਵੀ ਕੀਮਤ ;ਤੇ ਸਰਬਜੀਤ ਨੂੰ ਨਹੀਂ ਰੱਖਣਾ। ਮੇਰੇ ਸਹੁਰਿਆਂ ਨੇ ਬਾਰ-ਬਾਰ ਛਾਪੇ ਮਰਵਾ ਕੇ ਮੈਨੂੰ ਜੇਲ੍ਹ ਵਿੱਚ ਕਰਵਾਇਆ। ਮੈਂ ਜਨਾਨੀ ਕਿਉਂ ਨਹੀਂ ਰੱਖਣੀ ਸੱਭ ਨੂੰ ਪਤਾ ਹੈ, ਦੱਸਣ ਦੀ ਜ਼ਰੂਰਤ ਨਹੀਂ। ਸੱਭ ਨੂੰ ਪਤਾ ਹੈ ਕਿ ਪਹਿਲਾਂ ਇਸਨੇ ਮਿੱਟੀ ਦਾ ਤੇਲ ਪਾ ਕੇ ਆਪਣੇ ਆਪ ਨੂੰ ਅੱਗ ਲਗਾ ਲਈ। ਕੱਲ ਨੂੰ ਫਿਰ ਆਪਣੇ ਆਪ ਨੂੰ ਅੱਗ ਲਗਾ ਲਵੇ ਫਿਰ ਅਸੀਂ ਤਾਂ ਬੱਝੇ ਨਹੀਂ ਛੁੱਟ ਸਕਦੇ।"

"ਜੇ ਇਹ ਕੁੜੀ ਨਹੀਂ ਰੱਖਣਾ ਚਾਹੁੰਦਾ ਤਾਂ ਫਿਰ ਤੈਨੂੰ ਹਰਜਾਨਾ ਭਰਨਾ ਪਵੇਗਾ। ਸਾਰੇ ਦਾ ਸਾਰਾ ਸਾਮਾਨ ਵਾਪਸ ਕਰਨਾ ਪਵੇਗਾ। ਮੁੰਡਾ ਵੀ ਆਪਣੇ ਕੋਲ ਰੱਖੇ, ਅਸੀਂ ਇਸ ਦੇ ਮੁੰਡੇ ਦਾ ਠੇਕਾ ਨਹੀਂ ਲਿਆ।" ਗੁੱਸੇ 'ਚ ਭਰੇ ਖੜਕ ਸਿੰਘ ਦੇ ਬੋਲ ਸਨ।

"ਹਰਜਾਨਾ ਰਣਜੀਤ ਨੂੰ ਭਰਨਾ ਹੀ ਪਵੇਗਾ। ਬਾਕੀ ਵਿਆਹ ਨੂੰ ਕਾਫੀ ਸਮਾਂ ਹੋ ਗਿਆ। ਜਿਹੜਾ ਸਾਮਾਨ ਠੀਕ ਹੈ ਵਾਪਸ ਕੀਤਾ ਜਾਵੇ।"

"ਪੰਚਾਇਤ ਦੇ ਫੈਂਸਲੇ ਅਨੁਸਾਰ ਅਦਾਲਤ ਦੇ ਬਾਹਰ ਹੀ ਰਣਜੀਤ ਅਤੇ ਸਰਬਜੀਤ ਦਾ ਤਾਲਾਕ ਹੋ ਗਿਆ। ਸਮਾਨ ਵਾਪਸ ਕੀਤਾ ਗਿਆ, ਹਰਜਾਨੇ ਦੀ ਰਕਮ ਕਿਸ਼ਤਾਂ 'ਤੇ ਦੇਣੀ ਕਰ ਲਈ। ਠੀਕ ਸਾਮਾਨ ਰਣਜੀਤ ਦੇ ਸਹੁੱਰੇ ਲੈ ਗਏ। ਕੱਝ ਮਹੀਨੇ ਹਰਜਾਨੇ ਦੀ ਕਿਸ਼ਤ ਦਿੱਤੀ, ਫਿਰ ਹੌਲੀ-ਹੌਲੀ ਹਰਜਾਨਾ ਦਿੰਦਾ ਰਿਹਾ ਰਣਜੀਤ।

ਮੋ 95015-43932, 98150-21527

ਪਰਾਏ ਕਈ ਨੇ

ਸਮੇਂ ਨੇ ਤਾਂ ਮੌਕੇ ਦਿਖਾਏ ਕਈ ਨੇ,
ਰੁਆਏ ਕਈ ਨੇ ਹਸਾਏ ਕਈ ਨੇ।
ਖਤਾ ਇੱਕ ਸੀ ਜੋ ਅਸਾਂ ਕੋਲੋਂ ਹੋਈ,
ਕਿ ਦੁੱਖ ਉਸ ਬਦਲੇ ਉਠਾਏ ਕਈ ਨੇ।
ਇਹ ਨੋਟਾਂ ਨੂੰ ਇਨ੍ਹਾਂ ਵੀ ਕੀ ਪਿਆਰ ਕਰਨਾ,
ਕਮਾਏ ਕਈ ਨੇ ਲੁਟਾਏ ਕਈ ਨੇ।
ਸਿਖਾਉਣਾ ਅਸਾਂ ਨੂੰ ਭਲਾ ਕੀ ਏ ਦੱਸ ਤੂੰ,
ਅਸਾਂ ਤੇਰੇ ਵਰਗੇ ਸਿਖਾਏ ਕਈ ਨੇ।
ਇਹ ਲੋਕੀਂ ਨੇ ਜ਼ਾਲਿਮ ਕਹਾਂ ਕਿਹਨੂੰ ਆਪਣਾ,
ਨਹੀਂ ਕੋਈ ਆਪਣਾ ਪਰਾਏ ਕਈ ਨੇ।
ਕਮਾਈ ਤਾਂ ਆਉਂਦੀ ਹੈ ਪਰਦੇਸੋਂ ਲੇਕਿਨ,
ਘਰੋਂ ਦੂਰ ਮਾਵਾਂ ਦੇ ਜਾਏ ਕਈ ਨੇ।
ਨਹੀਂ ਬਾਪ ਵਰਗਾ ਕੋਈ ਰਿਸ਼ਤਾ ਬੰਗੇ,
ਕਿ ਚਾਚੇ ਕਈ ਭਾਵੇਂ ਤਾਏ ਕਈ ਨੇ।

ਚਮਨ ਲਾਲ ਬੰਗੇ

ਕਿਸਾਨ ਬਣ ਰਿਹਾ ਗ਼ੁਲਾਮ

ਸਫ਼ਾ IV ਦੀ ਬਾਕੀ

ਬਿਮਾਰ ਹੀ ਜੇਲ੍ਹ ਵਾਲੇ ਡਰ ਜਾਣਗੇ ਕਿ ਜੋ ਕ੍ਰਾਂਤੀ ਊਸ਼ਾ ਮਰ ਗਈ ਤਾਂ ਬਗ਼ਾਵਤ ਹੋ ਜਾਵੇਗੀ। ਉਹ ਜੇਲ੍ਹ ਵਿੱਚ ਚਲੀ ਗਈ। ਜੇਲ੍ਹ ਦੇ ਹਸਪਤਾਲ ਪਈ ਸੀ ਮੇਰੀ ਸਹੇਲੀ ਨਰਸ ਸੀ। ਉਸ ਦਾ ਪਤੀ ਜੇਲ੍ਹ ਦੇ ਹਸਪਤਾਲ ਵਿੱਚ ਫਾਰਮਾਸਿਸਟ ਸੀ। ਉਸ ਦੀ ਸਹੇਲੀ ਨਰਸ ਨੇ ਊਸ਼ਾ ਕ੍ਰਾਂਤੀ ਨੂੰ ਜੇਲ੍ਹ ਦੇ ਹਸਪਤਾਲ ਵਿੱਚ ਦਾਖ਼ਲ ਕਰਵਾ ਦਿੱਤਾ ਕਿਉਂਕਿ ਕ੍ਰਾਂਤੀ ਊਸ਼ਾ ਨੇ ਕਿਹਾ ਕਿ ਮੈਨੂੰ ਉਲਟੀਆਂ ਲੱਗੀਆਂ ਹਨ। ਕ੍ਰਾਂਤੀ ਊਸ਼ਾ ਨੇ ਪਹਿਲਾਂ ਹੀ ਨਰਸ ਨੂੰ ਸਿਖਾ ਦਿੱਤਾ ਕਿ ਮੈਨੂੰ ਹਸਪਤਾਲ ਵਿੱਚ ਰੈਫਰ ਨਾ ਕਰੀਂ ਇਹ ਮੈਨੂੰ ਕਿਸੇ ਹੋਰ ਹਸਪਤਾਲ ਭੇਜਣ ਦੇ ਬਹਾਨੇ ਮੇਰੀ ਗੱਡੀ ਦਾ ਐਕਸੀਡੈਂਟ ਕਰਵਾ ਦੇਣਗੇ। ਭਾਵੇਂ ਇਹਨਾਂ ਦੇ ਪੁਲਿਸ ਵਾਲੇ ਵੀ ਕਿੰਨੇ ਵੀ ਕਹਿਣ ਇਹਨਾਂ ਦੀ ਪ੍ਰਵਾਹ ਨਹੀਂ। ਇਸ ਲਈ ਤੂੰ ਰੈਫਰ ਨਾ ਕਰੀਂ। ਜੇ ਨਾ ਮਾਰੀ ਤਾਂ ਗਲਾ ਘੋਟ ਕੇ ਮਾਰ ਦੇਣਗੇ। ਜਦੋਂ ਫਾਰਮਸਿਸਟ ਟੀਕਾ ਲਾਉਣ ਲੱਗਾ ਸੀ ਤਾਂ ਉਹਨੇ ਕਿਹਾ ਸੀ ਕੱਲ੍ਹ ਦੇ ਟੀਕੇ ਨਾਲ ਮੈਨੂੰ ਐਲਰਜੀ ਹੋ ਜਾਂਦੀ ਇਸ ਨੂੰ ਰੋਕਣ ਵਾਸਤੇ ਮੈਨੂੰ ਡੈਜੀਪਾਮ ਦਾ ਟੀਕਾ ਲਾ ਦਿਉ। ਹਾਂ,ਹਾਂ, ਠੀਕ ਹੈ, ਤੂੰ ਫਿਕਰ ਨਾ ਕਰ, ਮੈਂ ਤੇਰੀ ਸਾਰੀ ਕਹਾਣੀ ਸਹੇਲੀ ਨੂੰ ਦੱਸ ਦੇਵਾਂਗਾ। ਮੈਂ ਜੇਲ੍ਹ ਵਿੱਚ ਆਪਣੇ ਚੇਹਰੇ ਉੱਤੇ ਹਾਸੀ ਤੇ ਮਿਲਵਰਤਨ ਰੱਖਦੀ ਸੀ। ਜੇਲ੍ਹ ਸੁਪਰਡੈਂਟ ਸਵੇਰੇ ਦਸ ਵਜੇ ਆਉਂਦਾ ਤੇ ਚਲਾ ਜਾਂਦਾ। ਸ਼ਾਮ ਨੂੰ ਅੱਠ ਵਜੇ ਉਦੋਂ ਆਉਂਦਾ ਜਦੋਂ ਕੋਈ ਕੈਦੀ ਮਾਰਨੇ ਹੁੰਦੇ ਜਾਂ ਮਾਰ ਕੇ ਬਾਹਰਲੇ ਹਸਪਤਾਲ ਭੇਜਣੇ ਹੁੰਦੇ। ਇਹ ਸਾਰਾ ਕੁੱਝ ਰਾਤ ਨੂੰ ਕਰਦੇ ਸੀ। ਦਿਨੇ ਤਾਂ ਲਿਸਟ ਬਣਾਉਂਦੇ ਸੀ ਕਿ ਕਿਹੜੇ ਕੈਦੀਆਂ ਨੂੰ ਮਾਰਨਾ ਹੈ।

ਇੱਕ ਦਿਨ ਉਹ ਜੇਲ੍ਹ ਦੇ ਹਸਪਤਾਲ ਵਿੱਚ ਸੀ। ਸਾਰੇ ਕੈਦੀ ਮੁਲਜਮ ਕ੍ਰਾਂਤੀ ਊਸ਼ਾ ਨੂੰ ਕਾਮ ਵਾਸ਼ਨਾ ਨਾਲ ਦੇਖਦੇ ਸੀ। ਤੇ ਉਹਨਾਂ ਦੀ ਝਾਕਣੀ ਇੰਨੀ ਗ਼ਲਤ ਸੀ ਜਿਸ ਤਰ੍ਹਾਂ ਬਘਿਆੜ ਬੱਕਰੀ ਵੱਲ ਦੇਖਦਾ ਹੈ। ਹੌਲੀ-ਹੌਲੀ ਮੈਂ ਮਰਦਾਂ ਦੀ ਕੰਮਜ਼ੋਰੀ ਦਾ ਫਾਇਦਾ ਉਠਾਇਆ। ਉਹਨਾਂ ਨੂੰ ਸਹੀ ਪਿਆਰ ਬਾਰੇ ਸਮਝਾਇਆ। ਉਹ ਬਹੁਤ ਕੁੱਝ ਕਰਨਾ ਚਾਹੁੰਦੇ ਸੀ ਪਰ ਉਹਨਾਂ ਨੂੰ ਕੋਈ ਰਸਤਾ ਦੱਸਣ ਵਾਲਾ ਨਹੀਂ ਸੀ।

ਇੱਕ ਔਰਤ ਜੇਲ੍ਹ ਵਾਰਡਨ ਨੇ ਕਿਹਾ ਉਸ ਦੀ ਡਿਊਟੀ ਔਰਤ ਕੈਦੀਆਂ 'ਤੇ ਸੀ। ਮੇਰਾ ਪਤੀ ਵੀ ਨੌਕਰੀ ਕਰਦਾ ਹੈ। ਉਸ ਕੋਲ ਫੋਨ ਹੈ। ਅਖ਼ੀਰ ਉਸ ਨੇ ਜੇਲ੍ਹ ਵਾਰਡਨ ਦੇ ਫ਼ੋਨ ਰਾਹੀਂ ਜੇਲ੍ਹ ਦੀ ਸਥਿਤੀ ਬਾਰੇ ਬਾਹਰਲੇ ਕ੍ਰਾਂਤੀਕਾਰੀ ਨੂੰ ਦੱਸ ਦਿੱਤਾ। ਬਹੁਤ ਤਕੜਾ ਕ੍ਰਾਂਤੀਕਾਰੀ ਅੰਦੋਲਨ ਪਾਰਟੀ ਦੇ ਮੁੰਡੇ-ਕੁੜੀਆਂ ਨੇ ਕੀਤਾ। ਸਰਕਾਰ ਨੂੰ ਕ੍ਰਾਂਤੀਕਾਰੀ ਬਾਹਰ ਭੇਜਣੇ ਪਏ। ਕ੍ਰਾਂਤੀ ਊਸ਼ਾ ਦਾ ਡਾਕਟਰੀ ਮੁਆਇਨਾ ਹੋਇਆ। ਡਾਕਟਰਾਂ ਨੂੰ ਡਰ ਸੀ ਕਿ ਜੇ ਗ਼ਲਤ ਰਿਪੋਰਟਾਂ ਦਿੱਤੀਆਂ ਤਾਂ ਇਹ ਕ੍ਰਾਂਤੀਕਾਰੀ ਸਾਨੂੰ ਖ਼ਤਮ ਕਰ ਦੇਣਗੇ।

ਊਸ਼ਾ ਜਦੋਂ ਜੇਲ੍ਹਾਂ ਤੋਂ ਬਾਹਰ ਆਈ ਤਾਂ ਸਾਰਿਆਂ ਨੂੰ ਜੇਲ੍ਹ ਦੀ ਦਸ਼ਾ ਬਾਰੇ ਦੱਸਿਆ। ਜੇਲ੍ਹਾਂ ਇਸ ਤਰ੍ਹਾਂ ਦੀਆਂ ਕਿਉਂ ਬਣਾਈਆਂ ਹਨ। ਇਹ ਥਾਂ ਨਰਕ ਵਰਗੀ ਹੁੰਦੀ ਹੈ। ਇਹ ਲੋਕ ਤਾਂ ਨਰਕ ਤੋਂ ਡਰਦੇ ਨਹੀਂ। ਲੋਕਾਂ ਨੂੰ ਬਦਲਣਾ ਹੈ ਤੇ ਸਮਝਾਉਣਾ ਹੈ। ਜੇਲ੍ਹਾਂ ਵਿੱਚ ਕੈਦੀਆਂ ਨੂੰ ਇੰਨਾ ਔਖਾ ਕੀਤਾ ਜਾਂਦਾ ਹੈ ਕਿ ਵਰਣਨ ਕਰਨਾ ਔਖਾ ਹੈ। ਕ੍ਰਾਂਤੀ ਊਸ਼ਾ ਨੇ ਦੱਸਿਆ ਕਿ ਜੇਲ੍ਹ ਦੀ ਐਨੀ ਔਖੀ ਜ਼ਿੰਦਗੀ ਹੈ ਜਦੋਂ ਉਹ ਕਿਸਾਨ ਤੇ ਮਜ਼ਦੂਰ ਕੈਦੀ ਹੁੰਦੇ ਹਨ ਉਹਨਾਂ ਨੂੰ ਨਾ ਮਾਤਰ ਦੁੱਧ, ਖੰਡ, ਵਾਲੀ ਚਾਹ ਦਿੱਤੀ ਜਾਂਦੀ ਹੈ। ਚਾਹ ਕਾਹਦੀ ਕਾਲਾ ਪਾਣੀ ਹੁੰਦਾ ਹੈ। ਖਾਣ ਵਾਲੀ ਰੋਟੀ ਅੱਠ ਤੋਂ ਦੱਸ ਘੰਟੇ ਪਹਿਲਾਂ ਬਣੀ ਹੁੰਦੀ ਹੈ। ਜੋ ਉਮਰ ਕੈਦੀ ਹਨ। ਉਸ ਸਾਰੀ ਰਾਤ ਰੋਟੀ ਬਣਾਉਂਦੇ ਹਨ। ਦੂਸਰੇ ਦਿਨ ਸਾਰਾ ਦਿਨ ਉਹ ਖਾਣ ਲਈ ਵਰਤਾਈ ਜਾਂਦੀ ਹੈ ਕੋਈ ਇਹ ਨਹੀਂ ਦੱਸ ਸਕਦਾ ਦਾਲ ਸਬਜ਼ੀ ਕਾਹਦੀ ਬਣਾਈ ਹੈ।

ਜਿਹੜਾ ਬਹੁਤ ਤੰਗ ਕਰਦਾ ਹੈ ਉਸ ਨੂੰ ਉਵੇਂ ਉਸ ਕਮਰੇ ਵਿੱਚ ਬੰਦ ਕੀਤਾ ਜਾਂਦਾ ਸੀ ਜਿਵੇਂ ਮੈਨੂੰ ਉਸ ਕਮਰੇ ਬੰਦ ਕੀਤਾ ਗਿਆ ਸੀ ਜਿਸ ਕਮਰੇ ਵਿੱਚ ਚੂਹੇ ਬਹੁਤ ਸਨ ਤੇ ਚੂਹਿਆਂ ਨੂੰ ਬਾਹਰ ਜਾਣ ਲਈ ਰਸਤਾ ਨਹੀਂ ਤਾਂ ਕਿ ਚੂਹੇ ਬਾਹਰ ਨਾ ਜਾ ਸਕਣ। ਉਹ ਚੂਹੇ ਰਾਤ ਨੂੰ ਦੰਦੀਆਂ ਵੱਢਦੇ ਸੀ। ਇਸੇ ਤਰ੍ਹਾਂ ਹੀ ਹੋਰ ਵੀ ਕ੍ਰਾਂਤੀਕਾਰੀ ਲੀਡਰ ਇਸ ਤਰ੍ਹਾਂ ਰੱਖੇ ਜਾਂਦੇ ਸਨ, ਭੁੱਖੇ-ਪਿਆਸੇ ਚੂਹੇ ਸਾਨੂੰ ਖਾਂਦੇ ਰਹਿੰਦੇ। ਸ਼ਾਇਦ ਰਾਤ ਦੇ ਖਾਣੇ ਵਿੱਚ ਕੋਈ ਨਸ਼ੇ ਵਾਲੀ ਚੀਜ਼ ਪਾ ਦਿੰਦੇ ਤਾਂ ਕਿ ਅਸੀਂ ਰਾਤ ਸੁੱਤੇ ਰਹੀਏ।

ਕ੍ਰਾਂਤੀ ਊਸ਼ਾ ਦੱਸ ਰਹੀ ਸੀ ਕਿ ਜੇਲ੍ਹ ਦੇ ਅੰਦਰ ਇਹ ਅਮੀਰਾਂ, ਲੁਟੇਰਿਆਂ ਨੇ ਜੋ ਤਾਣਾ-ਬਾਣਾ ਬੁਣਿਆ ਹੈ ਰਾਜ ਕਰਨ ਵਾਲੀ ਸਰਕਾਰ ਉਹਨਾਂ ਦੇ ਨਾਲ ਹੈ। ਕਿਹੜਾ ਇੱਥੇ ਲੋਕ ਰਾਜ ਹੈ। ਕਿਵੇਂ ਐਮ.ਪੀ. ਪਾਰਟੀਆਂ ਦੇ ਲੀਡਰ, ਪੁਲਿਸ ਅਫ਼ਸਰ ਉਹਨਾਂ ਦੀ ਮੱਦਦ ਕਰਦੇ ਹਨ, ਜਿਹੜੇ ਭੂ-ਮਾਫੀਆ ਤੇ ਸਮਗਲਰ ਹੁੰਦੇ ਹਨ। ਪਹਿਲਾਂ ਨੋਰਥ ਇੰਡੀਆ ਵਿੱਚ ਪੰਜਾਬ, ਰਾਜਸਥਾਨ ਦੇ ਅਖ਼ਬਾਰਾਂ ਅਨੁਸਾਰ ਮਹੀਨੇ ਵਿੱਚ 80 ਕਰੋੜ ਰੁਪਏ ਤੋਂ ਇੱਕ ਅਰਬ ਤੱਕ ਦੀ ਸਮੈਕ ਤੇ ਹੀਰੋਇਨ, ਅਫੀਮ ਫੜ੍ਹੀ ਜਾਂਦੀ ਹੈ। ਕਿੰਨੀ ਵਿਕਦੀ ਹੈ ਹਿਸਾਬ ਲਾਉਣਾ ਔਖਾ ਹੈ। ਇਹ ਸਮਗਲਰ ਛੋਟੇ ਸਮਗਲਰਾਂ ਵਿੱਚ ਇਸ ਨੂੰ ਵੰਡਦੇ ਹਨ। ਇਹ ਉਹਨਾਂ ਦਾ ਮਾਲ ਸਪਲਾਈ ਕਰਨ ਵੇਲੇ ਹੀ ਫੜੇ ਜਾਂਦੇ ਹਨ। ਕਿਉਂਕਿ ਸਮਗਲਰਾਂ ਨੇ ਪੁਲਿਸ ਅਫ਼ਸਰਾਂ ਨੂੰ ਕੇਸ ਦੇਣੇ ਬੁੰਦੇ ਹਨ ਜਾਂ ਜਿਹੜੀ ਪੁਲਿਸ ਇਹਨਾਂ ਮਗਰ ਲਾਈ ਜਾਂਦੀ ਹੈ, ਕੇਸ ਲਏ ਜਾਂਦੇ ਹਨ ਇਹ ਸਭ ਲੋਕ ਦਿਖਾਵੇ ਹਨ। ਇਹ ਤਾਂ ਸਿਰਫ਼ ਸਪਲਾਈ ਕਰਨ ਵਾਲੇ ਹੀ ਫੜ੍ਹੇ ਜਾਂਦੇ ਹਨ।

ਚੱਲਦਾ

ਜੋਤਿਸ਼ ਵਿੱਦਿਆ ਗੈਰ-ਵਿਗਿਆਨਕ

ਸਫ਼ਾ IV ਦੀ ਬਾਕੀ

ਹਨ। ਦੂਸਰੀ ਗੱਲ ਜੋਤਸ਼ੀਆਂ ਅਨੁਸਾਰ ਸੂਰਜ ਇੱਕ ਗ੍ਰਹਿ ਹੈ ਪਰ ਅੱਜ ਪੰਜਵੀਂ ਜਮਾਤ ਦਾ ਵਿਦਿਆਰਥੀ ਜਾਣਦਾ ਹੈ ਕਿ ਸੂਰਜ ਇੱਕ ਗ੍ਰਹਿ ਨਹੀਂ ਸਗੋਂ ਇੱਕ ਤਾਰਾ ਹੈ। ਇਸੇ ਤਰ੍ਹਾਂ ਜੋਤਿਸ਼ੀ ਚੰਦਰਮਾ ਨੂੰ ਵੀ ਇੱਕ ਗ੍ਰਹਿ ਮੰਨ ਕੇ ਤੁਰਦੇ ਹਨ, ਪਰ ਵਿਗਿਆਨ ਅਨੁਸਾਰ ਤਾਂ ਚੰਦਰਮਾ ਇੱਕ ਉਪਗ੍ਰਹਿ ਹੈ, ਜੋ ਧਰਤੀ ਦੁਆਲੇ ਚੱਕਰ ਲਾਉਂਦਾ ਹੈ।

ਰਾਹੂ ਕੇਤੂ-ਅਗਲੀ ਗੱਲ ਜੋ ਜੋਤਸ਼ੀਆਂ ਦੀ ਗਲਤ ਹੈ ਉਹ ਰਾਹੂ ਤੇ ਕੇਤੂ ਦੀ ਹੈ, ਜਿਸ ਨੂੰ ਉਹ ਕਹਿੰਦੇ ਹਨ ਕਿ ਇਹ ਗ੍ਰਹਿ ਮਨੁੱਖ ਦੀ ਕਿਸਮਤ ਤੇ ਮਾੜਾ ਅਸਰ ਪਾਉਂਦੇ ਹਨ। ਪਰ ਮੈਂ ਤੀਹ ਸਾਲ ਸਾਇੰਸ ਪੜ੍ਹਾਉਂਦਾ ਰਿਹਾ ਹਾਂ, ਪਰ ਰਾਹੂ ਤੇ ਕੇਤੂ ਕਿਤੇ ਵੀ ਵਿਗਿਆਨ ਦੇ 9 ਗ੍ਰਹਿਾਂ ਦੀ ਸੂਚੀ ਵਿੱਚ ਸ਼ਾਮਲ ਹੀ ਨਹੀਂ ਹਨ। ਜਦੋਂ ਜੋਤਸ਼ੀਆਂ ਨਾਲ ਇਸ ਵਿਸ਼ੇ ਤੇ ਗੱਲ ਕਰਦੇ ਹਾਂ ਤਾਂ ਉਹ ਕਹਿੰਦੇ ਹਨ ਕਿ ਰਾਹੂ ਤੇ ਕੇਤੂ ਸਾਡੇ ਕਾਲਪਨਿਕ ਗ੍ਰਹਿ ਹਨ। ਇਸ ਲਈ ਇਨ੍ਹਾਂ ਦੀ ਹੋਂਦ ਤਾਂ ਹੈ ਹੀ ਨਹੀਂ। ਫਿਰ ਇਹ ਮਾੜਾ ਪ੍ਰਭਾਵ ਕਿਵੇਂ ਪਾਉਣਗੇ?

ਗ੍ਰਹਿ ਜੋ ਨਵੇਂ ਲੱਭੇ ਗਏ-ਇਸੇ ਤਰ੍ਹਾਂ ਜਦੋਂ 1781 ਵਿੱਚ ਯੂਰੇਨਸ ਦੀ ਖੋਜ ਹੋਈ ਤਾਂ ਜੋਤਸ਼ੀਆਂ ਦੀ ਪੁਜੀਸ਼ਨ ਬੜੀ ਹਾਸੋਹੀਣੀ ਹੋ ਗਈ। ਕੁੱਝ ਚਲਾਕ ਜੋਤਸ਼ੀਆਂ ਨੇ ਇਸ ਨੂੰ ਆਪਣੀਆਂ ਕਿਤਾਬਾਂ ਵਿੱਚ ਸ਼ਾਮਲ ਕਰ ਲਿਆ। ਫਿਰ 1846 ਵਿੱਚ ਵਿਗਿਆਨੀਆਂ ਨੂੰ ਨੈਪਚੂਨ ਦੇ ਦਰਸ਼ਨ ਹੋ ਗਏ, ਜੋਤਸ਼ੀਆਂ ਨੂੰ ਫਿਰ ਆਪਣੀਆਂ ਕਿਤਾਬਾਂ ਬਦਲਣੀਆਂ ਪੈ ਗਈਆਂ। 1930 ਵਿੱਚ ਵਿਗਿਆਨਕਾਂ ਨੂੰ ਪਲੂਟੋ ਮਿਲ ਗਿਆ। ਕਿਵੇਂ ਨਾ ਕਿਵੇਂ ਕਰਕੇ ਜੋਤਿਸ਼ੀਆਂ ਨੇ ਇਸ ਨੂੰ ਵੀ ਆਪਣੀਆਂ ਕਿਤਾਬਾਂ ਵਿੱਚ ਦਰਸਾਉਣਾ ਸ਼ੁਰੂ ਕਰ ਦਿੱਤਾ। 2005 ਵਿੱਚ ਵਿਗਿਆਨਕਾਂ ਨੇ ਪਲੂਟੋ ਦੇ ਗੁਣਾਂ ਦਾ ਅਧਿਐਨ ਕੀਤਾ ਤਾਂ ਉਹ ਬਾਕੀ ਗ੍ਰਹਿਆਂ ਨਾਲੋਂ ਕੁੱਝ ਵੱਖਰੇ ਸਨ। ਇਸ ਲਈ ਹੁਣ ਉਨ੍ਹਾਂ ਨੇ ਪਲੂਟੋ ਤੋਂ ਨੌਵੇਂ ਗ੍ਰਹਿ ਹੋਣ ਦਾ ਦਰਜਾ ਖੋਹ ਲਿਆ ਗਿਆ ਹੈ, ਸਗੋਂ ਉਸਨੂੰ ਉਸ ਦੇ ਨਜ਼ਦੀਕੀ ਕੁੱਝ ਹੋਰ ਸਮਾਨ ਗੁਣਾਂ ਵਾਲੇ ਆਕਾਸ਼ੀ ਪਿੰਡਾਂ ਦੀ ਇੱਕ ਲੜੀ ਵਿੱਚ ਸ਼ਾਮਲ ਕਰ ਦਿੱਤਾ ਗਿਆ ਹੈ।

ਇਸ ਤਰ੍ਹਾਂ ਵਿਗਿਆਨਕ ਜਾਣਕਾਰੀਆਂ ਵਿੱਚ ਤਬਦੀਲੀਆਂ ਹੁੰਦੀਆਂ ਹੀ ਰਹਿੰਦੀਆਂ ਹਨ, ਪਰ ਜੋਤਸ਼ੀਆਂ ਨੇ ਤਾਂ ਆਪਣੇ ਗਿਆਨ ਦਾ ਆਧਾਰ ਪ੍ਰਾਚੀਨ ਗ੍ਰੰਥਾਂ ਨੂੰ ਬਣਾਇਆ ਹੈ, ਜਿਨ੍ਹਾਂ ਨੂੰ ਬਦਲਣਾ ਉਨ੍ਹਾਂ ਲਈ ਬੜਾ ਮੁਸ਼ਕਲ ਹੁੰਦਾ ਹੈ। ਇਸ ਤਰ੍ਹਾਂ ਵਿਗਿਆਨ ਦੀ ਹਰ ਖੋਜ ਜੋਤਿਸ਼ੀਆਂ ਨੂੰ ਉਸਲਵੱਟੇ ਲੈਣ ਲਈ ਮਜ਼ਬੂਰ ਕਰ ਦਿੰਦੀ ਹੈ।

ਅਸਲੀ ਸਥਿਤੀ ਤੇ ਵਿਖਾਈ ਦੇਣ ਵਾਲੀ ਸਥਿਤੀ-ਜੋਤਸ਼ੀਆਂ ਅਨੁਸਾਰ ਜੇ ਬੱਚ ਦੇ ਜਨਮ ਸਮੇਂ ਵਿੱਚ ਇੱਕ ਸੈਕਿੰਡ ਦਾ ਫਰਕ ਵੀ ਪੈ ਜਾਵੇ ਤਾਂ ਉਨ੍ਹਾਂ ਦਾ ਸਾਰਾ ਟੇਵਾ ਗਲਤ ਹੋ ਜਾਂਦਾ ਹੈ, ਪਰ ਜੋਤਸ਼ੀਆਂ ਨੂੰ ਇਹ ਨਹੀਂ ਪਤਾ ਕਿ ਉਹ ਜਨਮ ਸਮੇਂ ਦੀ ਲਗਨ ਵਿੱਚ ਜਿਹੜੇ ਗ੍ਰਹਿਆਂ ਦੀ ਪੁਜ਼ੀਸ਼ਨ ਵੇਖਦੇ ਹਨ, ਉਹ ਨਕਲੀ ਹੁੰਦੀ ਹੈ ਅਸਲੀ ਨਹੀਂ। ਉਦਾਹਰਣ ਦੇ ਤੌਰ ਤੇ ਸੂਰਜ ਦੀ ਦੂਰੀ ਸਾਥੋਂ ਪੰਦਰਾਂ ਕਰੋੜ ਕਿਲੋਮੀਟਰ ਹੈ। ਪ੍ਰਕਾਸ਼ ਤਿੰਨ ਲੱਖ ਕਿਲੋਮੀਟਰ ਪ੍ਰਤੀ ਸੈਕਿੰਡ ਦੀ ਰਫਤਾਰ ਨਾਲ ਚੱਲਦਾ ਹੋਇਆ ਧਰਤੀ ਤੇ ਪਹੁੰਚਣ ਲਈ 500 ਸੈਕਿੰਡ ਭਾਵ 8 ਮਿੰਟ 20 ਸੈਕਿੰਡ ਲਾ ਦਿੰਦਾ ਹੈ। ਹੁਣ ਸੂਰਜ ਦੀ ਅਸਲੀ ਪੁਜ਼ੀਸ਼ਨ ਤਾਂ 8 ਮਿੰਟ 20 ਸੈਕਿੰਡ ਪਹਿਲਾਂ ਵਾਲੀ ਹੋਈ ਨਾ ਕਿ ਜੋ ਵਿਖਾਈ ਦਿੰਦੀ ਹੈ। ਇਸ ਤਰ੍ਹਾਂ ਜੁਪੀਟਰ ਤੇ ਨੈਪਚੂਨ ਤੋਂ ਪ੍ਰਕਾਸ਼ ਪਹੁੰਚਣ ਨੂੰ ਘੰਟੇ ਲੱਗ ਜਾਂਦੇ ਹਨ।

ਗ੍ਰਹਿ ਦਾ ਮਨੁੱਖ ਤੇ ਪ੍ਰਭਾਵ-ਹੁਣ ਅਗਲਾ ਸੁਆਲ ਪੈਦਾ ਹੁੰਦਾ ਹੈ ਕਿ ਕੀ ਇਹ ਗ੍ਰਹਿ ਮਨੁੱਖੀ ਕਿਸਮਤ ਤੇ ਕੋਈ ਪ੍ਰਭਾਵ ਨਹੀਂ ਪਾਉਂਦੇ। ਮੈਂ ਇਹ ਸਵੀਕਾਰ ਕਰਦਾ ਹਾਂ ਕਿ ਗ੍ਰਹਿਆਂ ਦਾ ਮਨੁੱਖੀ ਕਿਸਮਤ ਤੇ ਪ੍ਰਭਾਵ ਵੀ ਜ਼ਰੂਰ ਪੈਂਦਾ ਹੈ। ਜੇ ਚੰਦਰਮਾ ਧਰਤੀ ਦੇ ਸਮੁੰਦਰਾਂ ਵਿੱਚ ਆਪਣੀ ਗੁਰੂਤਾ ਸ਼ਕਤੀ ਨਾਲ ਜਵਾਰਭਾਟੇ ਲਿਆ ਸਕਦਾ ਹੈ ਤਾਂ ਮਨੁੱਖੀ ਮਨ ਵਿੱਚ ਵੀ ਤਰਲ ਭਰਿਆ ਹੋਇਆ ਹੈ। ਉਸ ਦੇ ਉੱਤੇ ਚੰਦਰਮਾ ਦੀ ਖਿੱਚ ਸ਼ਕਤੀ ਦਾ ਕੋਈ ਪ੍ਰਭਾਵ ਨਹੀਂ ਹੋਊ? ਇਹ ਕਿਵੇਂ ਹੋ ਸਕਦਾ ਹੈ? ਪਰ ਮੇਰਾ ਸਵਾਲ ਇਹ ਹੈ ਕਿ ਕੁੱਤੇ ਨੂੰ 21 ਦਿਨ ਰੋਟੀ ਪਾਉਣ ਨਾਲ ਇਹ ਗੁਰਤਾ ਆਕਰਸ਼ਣ ਦਾ ਪ੍ਰਭਾਵ ਕਿਵੇਂ ਘੱਟ ਜਾਵੇਗਾ। ਮੈਂ ਤਾਂ ਆਪਣੀ ਪੜ੍ਹਾਈ ਦੇ ਦੌਰਾਨ ਇਹ ਪੜ੍ਹਿਆ ਸੀ ਕਿ ਇਸ ਪ੍ਰਭਾਵ ਨੂੰ ਘਟਾਉਣ ਲਈ ਜਾਂ ਤਾਂ ਚੰਦਰਮਾ ਦਾ ਭਾਰ ਘਟਾਉਣਾ ਪਊ ਜਾਂ ਉਸ ਦੀ ਦੂਰੀ ਨੂੰ ਵਧਾਉਣਾ ਪਊ। ਕਿਉਂਕਿ ਖਿੱਚ ਸ਼ਕਤੀ ਇਨ੍ਹਾਂ ਦੋ ਚੀਜ਼ਾਂ 'ਤੇ ਹੀ ਨਿਰਭਰ ਹੁੰਦੀ ਹੈ। ਇੱਕ ਭਾਰ ਤੇ ਦੂਸਰੀ ਉਨ੍ਹਾਂ ਦੇ ਕੇਂਦਰਾਂ ਵਿਚਕਾਰਲੀ ਦੂਰੀ। ਹੁਣ ਇਸ ਕੁੱਤੇ ਨੂੰ ਰੋਟੀ ਪਾਉਣ ਵਾਲੀ ਗੱਲ ਨੂੰ ਮੈਂ ਕਿਵੇਂ ਆਪਣੇ ਦਿਮਾਗ ਵਿੱਚ ਪਾਵਾਂ। ਇਹ ਤਾਂ ਨਿਊਟਨ ਦੇ ਗੁਰੂਤਾ ਖਿੱਚ ਦੇ ਨਿਯਮ ਦੀਆਂ ਧੱਜੀਆਂ ਉਡਾਉਣ ਵਾਲੀ ਗੱਲ ਹੋਈ। ਵਿਗਿਆਨਕ ਗੱਲਾਂ ਦੀ ਜਾਣਕਾਰੀ ਹੋਣ ਕਰਕੇ ਮੇਰੇ ਤਾਂ ਇਹ ਗੱਲ ਹਜ਼ਮ ਹੋ ਹੀ ਨਹੀਂ ਸਕਦੀ।

ਫਿਰ ਦੂਸਰੀ ਗੱਲ ਵੀ ਲੈ ਲਈਏ। ਇਨ੍ਹਾਂ ਗ੍ਰਹਿਆਂ ਦਾ ਪ੍ਰਭਾਵ ਮੇਰੇ 'ਤੇ ਕਿਵੇਂ ਵੱਧ ਹੈ, ਕਿਸੇ ਹੋਰ ਤੇ ਇਹ ਕਿਵੇਂ ਘੱਟ ਹੈ? ਕਦੇ ਵੀ ਕੋਈ ਜੋਤਿਸ਼ੀ ਇਸ ਗੱਲ ਦਾ ਤਸੱਲੀਬਖਸ਼ ਜੁਆਬ ਨਹੀਂ ਦੇ ਸਕਦਾ। ਜੇ ਅਗਾਂਹ ਵੀ ਗੱਲ ਤੋਰੀਏ ਤਾਂ ਜੇ ਮੇਰੀ ਜੇਬ ਵਿੱਚੋਂ ਕੁੱਝ ਪੈਸੇ ਨਿਕਲ ਕੇ ਜਦੋਂ ਜੋਤਸ਼ੀ ਦੀ ਜੇਬ ਵਿੱਚ ਚੱਲੇ ਜਾਣਗੇ ਤਾਂ ਇਹ ਪ੍ਰਭਾਵ ਕਿਵੇਂ ਖਤਮ ਹੋ ਜਾਵੇਗਾ। ਇਸ ਤੋਂ ਅਗਲੀ ਗੱਲ ਰਾਹੂ ਤੇ ਕੇਤੂ ਤਾਂ ਕੋਈ ਗ੍ਰਹਿ ਹੀ ਨਹੀਂ ਫਿਰ ਉਹ ਕਿਵੇਂ ਪ੍ਰਭਾਵ ਪਾਉਣਗੇ? ਨਿਊਟਨ ਦੇ ਗੁਰਤਾ ਖਿੱਚ ਅਨੁਸਾਰ ਤਾਂ ਜੇ ਕਿਸੇ ਚੀਜ਼ ਦਾ ਭਾਰ ਜ਼ੀਰੋ ਹੋਵੇਗਾ ਤਾਂ ਉਸ ਦਾ ਆਕਰਸ਼ਣ ਬਲ ਵੀ ਜ਼ੀਰੋ ਹੀ ਹੋਵੇਗਾ।

ਜਨਮ ਕੁੰਡਲੀਆਂ-ਜਨਮ ਕੁੰਡਲੀਆਂ ਤਿਆਰ ਕਰਨ ਲਈ ਤਿੰਨ ਚੀਜ਼ਾਂ ਦੀ ਜ਼ਰੂਰਤ ਹੁੰਦੀ ਹੈ। ਬੱਚੇ ਦਾ ਜਨਮ, ਸਮਾਂ ਸਥਾਨ ਅਤੇ ਰਾਸ਼ੀ ਚੱਕਰ। ਰਾਸ਼ੀ ਚੱਕਰ ਤਾਂ ਕਿਸੇ ਵੀ ਜੋਤਿਸ਼ ਦੀ ਕਿਤਾਬ ਵਿੱਚ ਹੁੰਦਾ ਹੈ ਤੇ ਉਸ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਜਨਮ ਸਮਾਂ ਅੱਜ-ਕੱਲ੍ਹ ਡਾਕਟਰਾਂ 'ਤੇ ਨਿਰਭਰ ਹੈ, ਉਹ ਛੇਵੇਂ ਮਹੀਨੇ ਤੋਂ ਬਾਅਦ ਬੱਚੇ ਦਾ ਜਨਮ ਸੀਜੇਰੀਅਨ ਓਪਰੇਸ਼ਨ ਰਾਹੀਂ ਕਰ ਸਕਦੇ ਹਨ। ਜਨਮ ਸਥਾਨ ਗਰਭਵਤੀ ਇਸਤਰੀ ਦੀ ਦੇਖਭਾਲ ਕਰਨ ਵਾਲੇ ਮਾਪਿਆਂ ਜਾਂ ਪਤੀ ਉੱਤੇ ਨਿਰਭਰ ਕਰਦਾ ਹੈ। ਉਹ ਜਦੋਂ ਵੀ ਤੇ ਜਿੱਥੇ ਵੀ ਚਾਹੇ ਬੱਚੇ ਦਾ ਜਨਮ ਕਰਵਾ ਸਕਦਾ ਹੈ। ਇਸ ਤੋਂ ਸਪੱਸ਼ਟ ਹੈ ਕਿ ਇਹ ਤਿੰਨੇ ਚੀਜ਼ਾਂ ਮਨੁੱਖ ਤੇ ਨਿਰਭਰ ਹਨ। ਇਨ੍ਹਾਂ ਵਿੱਚ ਕੋਈ ਵੀ ਚੀਜ਼ ਅਜਿਹੀ ਨਹੀਂ ਜਿਹੜੀ ਕੁਦਰਤ ਤੇ ਨਿਰਭਰ ਹੈ। ਇਸ ਲਈ ਜੇ ਜੋਤਸ਼ੀਆਂ ਨੂੰ ਪਤਾ ਹੈ ਕਿ ਫਲਾਨੇ ਸਮੇਂ ਅਤੇ ਸਥਾਨ 'ਤੇ ਪੈਦਾ ਹੋਇਆ ਬੱਚਾ ਭਾਰਤ ਦਾ ਪ੍ਰਧਾਨ ਮੰਤਰੀ ਬਣੇਗਾ ਤਾਂ ਜਲੰਧਰ ਦਾ ਇੰਦਰ ਕੁਮਾਰ ਗੁਜਰਾਲ ਕਦੇ ਵੀ ਭਾਰਤ ਦਾ ਪ੍ਰਧਾਨ ਮੰਤਰੀ ਨਾ ਬਣਦਾ ਕਿਉਂਕਿ ਉਸਨੂੰ ਤਾਂ ਜੋਤਿਸ਼ ਵਿੱਚ ਹੀ ਭੋਰਾ ਭਰ ਯਕੀਨ ਨਹੀਂ ਸੀ ਅਤੇ ਨਾ ਹੀ ਜੋਤਿਸ਼ ਨੂੰ ਨਾ ਮੰਨਣ ਵਾਲਾ ਅੰਮ੍ਰਿਤਸਰ ਦਾ ਵਸਨੀਕ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਦੀ ਕੁਰਸੀ ਤੇ ਜਾ ਬੈਠਦਾ। ਹੁਣ ਜੇ ਇੰਦਰਾ ਗਾਂਧੀ ਭਾਰਤ ਦੀ ਪ੍ਰਧਾਨ ਮੰਤਰੀ ਬਣੀ ਸੀ। ਇਹ ਇਸ ਲਈ ਥੋੜ੍ਹੇ ਪ੍ਰਧਾਨ ਮੰਤਰੀ ਬਣੀ ਸੀ ਕਿ ਉਸ ਦੀ ਕਿਸਮਤ ਵਿੱਚ ਪ੍ਰਧਾਨ ਮੰਤਰੀ ਬਣਨਾ ਲਿਖਿਆ ਸੀ, ਸਗੋਂ ਉਹ ਤਾਂ ਪ੍ਰਧਾਨ ਮੰਤਰੀ ਇਸ ਲਈ ਬਣੀ ਸੀ ਕਿ ਉਹ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੀ ਧੀ ਸੀ ਤੇ ਜੇ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣਿਆ ਸੀ ਕੀ ਉਹ ਇਸ ਕਰਕੇ ਥੋੜ੍ਹਾ ਪ੍ਰਧਾਨ ਮੰਤਰੀ ਬਣਿਆ ਸੀ ਕਿ ਉਸਦੀ ਕਿਸਮਤ ਵਿੱਚ ਪ੍ਰਧਾਨ ਮੰਤਰੀ ਬਣਨਾ ਲਿਖਿਆ ਸੀ, ਸਗੋਂ ਉਹ ਤਾਂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸ੍ਰੀ ਜਵਾਹਰ ਲਾਲ ਨਹਿਰੂ ਦਾ ਦੋਹਤਾ ਅਤੇ ਸ੍ਰੀਮਤੀ ਇੰਦਰਾ ਗਾਂਧੀ ਦਾ ਸਪੁੱਤਰ ਸੀ। ਹੁਣ ਜੇ ਕੱਲ੍ਹ ਨੂੰ ਸੋਨੀਆ ਗਾਂਧੀ ਜਾਂ ਰਾਹੁਲ ਵਿੱਚੋਂ ਕੋਈ ਪ੍ਰਧਾਨ ਮੰਤਰੀ ਬਣਦਾ ਹੈ ਤਾਂ ਉਹ ਸਿਰਫ ਇਸ ਕਰਕੇ ਬਣੇਗਾ ਕਿ ਉਹ ਭਾਰਤ ਦੇ ਇੱਕ ਸਥਾਪਤ ਪਰਿਵਾਰ ਦੇ ਮੈਂਬਰ ਹਨ।

ਫਰਾਂਸੀਸੀ ਵਿਗਿਆਨਕ ਦਾ ਤਜ਼ਰਬਾ-ਇੱਥੋਂ ਮੈਂ ਤੁਹਾਨੂੰ ਫਰਾਂਸ ਦੇ ਇੱਕ ਵਿਗਿਆਨਕ ਗਾਕੂਲਿਨ ਦੁਆਰਾ ਕੀਤੇ ਤਜ਼ਰਬੇ ਬਾਰੇ ਵੀ ਦੱਸਣਾ ਚਾਹੁੰਦਾ ਹਾਂ। ਉਸ ਨੇ ਅਖਬਾਰ ਵਿੱਚ ਇੱਕ ਇਸ਼ਤਿਹਾਰ ਦਿੱਤਾ "ਤੁਸੀਂ ਮੈਨੂੰ ਆਪਣਾ ਨਾਂਅ, ਪਤਾ, ਜਨਮ ਸਮਾਂ ਅਤੇ ਸਥਾਨ ਲਿਖ ਕੇ ਭੇਜੋ। ਮੈਂ ਤੁਹਾਨੂੰ ਤੁਹਾਡੀ ਜਨਮ ਪਤਰੀ ਬਣਾ ਕੇ ਭੇਜਾਂਗਾ।" ਲੱਗਭੱਗ 1500 ਦੇ ਕਰੀਬ ਵਿਅਕਤੀਆਂ ਨੇ ਉਸਨੂੰ ਆਪਣੇ ਵੇਰਵੇ ਭੇਜੇ। ਉਸ ਨੇ ਸਭ ਨੂੰ ਪਤਰੀਆਂ ਬਣਾ ਕੇ ਭੇਜੀਆਂ ਅਤੇ ਉਨ੍ਹਾਂ ਦੇ ਹੇਠਾਂ ਇੱਕ ਲਾਈਨ ਲਿਖ ਦਿੱਤੀ ਕਿ "ਮੇਰੇ ਦੁਆਰਾ ਭੇਜੀ ਗਈ ਜਨਮ ਪੱਤਰੀ ਤੁਹਾਡੀ ਸਖਸ਼ੀਅਤ ਤੇ ਕਿੰਨੀ ਕੁ ਢੁੱਕਦੀ ਹੈ? ਕ੍ਰਿਪਾ ਕਰਕੇ ਵਾਪਸੀ ਪੱਤਰ ਰਾਹੀਂ ਮੈਨੂੰ ਇਹ ਦੱਸਣ ਦੀ ਖੇਚਲ ਕਰਨਾ।" ਲੱਗਭੱਗ 94 ਵਿਅਕਤੀਆਂ ਨੇ ਉਸ ਦੇ ਪੱਤਰ ਦਾ ਜਵਾਬ ਭੇਜ ਕੇ ਲਿਖਿਆ ਕਿ ਉਸ ਦੁਆਰਾ ਭੇਜੀ ਗਈ ਜਨਮ ਪੱਤਰੀ ਦੀਆਂ ਬਹੁਤ ਸਾਰੀਆਂ ਗੱਲਾਂ ਬਿਲਕੁਲ ਸਾਡੀ ਸਖਸ਼ੀਅਤ ਅਨੁਸਾਰ ਹਨ।"

ਫਿਰ ਉਸ ਨੇ ਉਨ੍ਹਾਂ ਸਾਰਿਆਂ ਨੂੰ ਲਿਖਿਆ ਕਿ "ਮੈਂ ਤੁਹਾਨੂੰ ਜੋ ਜਨਮ ਪੱਤਰੀਆਂ ਭੇਜੀਆਂ ਸਨ, ਇਹ ਇੱਕੋ ਹੀ ਸਨ ਤੇ ਇਹ ਉਸ ਅਪਰਾਧੀ ਦੀਆਂ ਸਨ, ਜਿਸ ਨੇ 27 ਵਿਅਕਤੀਆਂ ਨੂੰ ਚੂਨੇ ਦੇ ਟੱਬ ਵਿੱਚ ਡੁੱਬੋ ਕੇ ਮਾਰਿਆ ਸੀ ਅਤੇ ਉਸਨੂੰ 1946 ਵਿੱਚ ਫਾਂਸੀ 'ਤੇ ਲਟਕਾਇਆ ਗਿਆ ਸੀ।

ਸੋ ਜੋਤਿਸ਼ੀ ਜਨਮ ਪੱਤਰੀਆਂ ਵਿੱਚ ਕਦੇ ਵੀ ਕਿਸੇ ਵਿਸ਼ੇਸ਼ ਵਾਪਰਨ ਵਾਲੀ ਘਟਨਾ ਦਾ ਜਿਕਰ ਨਹੀਂ ਕਰਨਗੇ। ਉਹ ਤਾਂ ਆਮ ਜਿਹੀਆਂ ਗੱਲਾਂ ਲਿਖਣਗੇ ਕਿ "ਤੇਰੇ ਕੋਲ ਪੈਸਾ ਬਹੁਤ ਆਵੇਗਾ ਪਰ ਟਿਕੇਗਾ ਨਹੀਂ। ਤੂੰ ਵਿਦੇਸ਼ ਦੀ ਯਾਤਰਾ ਕਰੇਂਗਾ।" ਹੁਣ ਹਰ ਰੋਜ਼ 200 ਰੁਪਏ ਕਮਾਉਣ ਵਾਲਾ ਵਿਅਕਤੀ ਵੀ ਸੋਚੇਗਾ ਕਿ ਮੇਰੇ ਕੋਲ ਪੈਸਾ ਆਉਂਦਾ ਤਾਂ ਬਹੁਤ ਹੈ ਅਤੇ ਜਾਂਦਾ ਬਹੁਤ ਹੈ। ਹਰ ਨੇਪਾਲ ਦੀ ਯਾਤਰਾ ਕਰਨ ਵਾਲਾ ਸੋਚੇਗਾ ਕਿ ਜੋਤਿਸ਼ੀ ਦੀ ਗੱਲ ਸਹੀ ਸਿੱਧ ਹੋਈ ਹੈ।" ਇਸ ਤਰ੍ਹਾਂ ਇਹ ਵਿਅਕਤੀ ਤਾਂ ਕੋਠੇ ਤੇ ਖੜ੍ਹੇ ਹੋ ਜਾਣਗੇ ਅਤੇ ਦੋਵੇਂ ਹੱਥ ਖੜ੍ਹੇ ਕਰ ਲੈਣਗੇ ਕਿ ਜੋਤਿਸ਼ੀ ਦੀਆਂ ਸਾਡੀ ਜਨਮ ਪੱਤਰੀ ਵਿੱਚ ਲਿਖੀਆਂ ਗੱਲਾਂ ਸਹੀ ਸਿੱਧ ਹੋਈਆਂ ਹਨ, ਪਰ ਜਿਨ੍ਹਾਂ ਨੂੰ ਦੱਸੀਆਂ ਹੋਈਆਂ ਗੱਲਾਂ ਗਲਤ ਨਿਕਲ ਜਾਂਦੀਆਂ ਹਨ, ਉਨ੍ਹਾਂ ਨੇ ਕਿਹੜਾ ਕਿਸੇ ਨੂੰ ਦੱਸਣੀਆਂ ਹਨ।

ਪ੍ਰਸਿੱਧ ਨਾਟਕਕਾਰ ਸੈਕਸ਼ਪੀਅਰ ਆਪਣੇ ਕਿਸੇ ਨਾਟਕ ਵਿੱਚ ਆਪਣੇ ਇੱਕ ਪਾਤਰ ਬਰੂਟਸ ਤੋਂ ਕਹਾਉਂਦਾ ਹੈ ਕਿ 'ਜੋਤਿਸ਼ੀ ਕਿਸਮਤ ਵਾਲੇ ਹੁੰਦੇ ਹਨ, ਉਨ੍ਹਾਂ ਦੀਆਂ ਕਹੀਆਂ 100 ਗੱਲਾਂ ਵਿੱਚੋਂ ਜੇ 99 ਝੂਠ ਵੀ ਨਿਕਲ ਜਾਣ ਤਾਂ ਉਨ੍ਹਾਂ ਦੀ ਕੋਈ ਬੇਇੱਜ਼ਤੀ ਨਹੀਂ ਹੁੰਦੀ, ਪਰ ਇੱਕ ਸੱਚੀ ਗੱਲ ਨਾਲ ਹੀ ਉਨ੍ਹਾਂ ਦੀ ਗੁੱਡੀ ਅਸਮਾਨੀ ਚੜ੍ਹ ਜਾਂਦੀ ਹੈ।"

ਝੰਡੀਆਂ ਵਾਲਾ ਜੋਤਸ਼ੀ-ਇੱਥੇ ਮੈਂ ਆਪਣੇ ਬਚਪਨ ਵਿੱਚ ਵਾਪਰੀ ਇੱਕ ਘਟਨਾ ਦਾ ਜ਼ਿਕਰ ਵੀ ਜ਼ਰੂਰੀ ਕਰਨਾ ਚਾਹਾਂਗਾ। ਧੂਰੀ ਦੇ ਨਜ਼ਦੀਕ ਇੱਕ ਪਿੰਡ ਰਾਜੋਮਾਜਰਾ ਹੈ। ਮੇਰੇ ਚਾਚਾ ਜੀ ਇਸ ਪਿੰਡ ਵਿੱਚ ਪਟਵਾਰੀ ਲੱਗੇ ਹੋਏ ਸਨ। ਇੱਕ ਜੋਤਸ਼ੀ ਸੰਤ ਨੇ ਉੱਥੇ ਦੇ ਰੇਲਵੇ ਸਟੇਸ਼ਨ ਦੇ ਨੇੜੇ ਡੇਰੇ ਲਾਏ ਹੋਏ ਹਨ। ਬਹੁਤ ਸਾਰੀਆਂ ਗਰਭਵਤੀ ਇਸਤਰੀਆਂ ਉਸ ਕੋਲ ਜਾਂਦੀਆਂ ਹਨ ਤਾਂ ਉਹ ਹਰੇਕ ਨੂੰ ਕਹਿ ਦਿੰਦਾ, "ਬੀਬੀ ਤੇਰੇ ਲੜਕਾ ਹੋਵੇਗਾ, ਇੱਥੇ ਝੰਡੀ ਗੱਡ ਜਾਵੀਂ ਬੱਸ ਫਿਰ ਕੀ ਸੀ ਸਾਲ ਭਰ ਵਿੱਚ ਹੀ ਝੰਡੀਆਂ ਹੀ ਝੰਡੀਆਂ ਨਜ਼ਰ ਆਉਣ ਲੱਗ ਪਈਆਂ। ਜਿਨ੍ਹਾਂ ਦੇ ਲੜਕੇ ਹੋ ਜਾਂਦੇ ਹਨ, ਉਹ ਜੱਥਾ ਲੈ ਕੇ ਝੰਡੀ ਲਾਉਣ ਲਈ ਤੁਰ ਪੈਂਦੀਆਂ ਹਨ। ਲੜਕੀ ਪੈਦਾ ਹੋਣ ਵਾਲਾ ਕੋਈ ਪਰਿਵਾਰ ਝੰਡੀ ਪੁੱਟਣ ਲਈ ਨਹੀਂ ਗਿਆ। ਇਸ ਤਰ੍ਹਾਂ ਜੋਤਸ਼ੀ ਕੋਲ ਜੇ ਦੋ ਇਸਤਰੀਆਂ ਜਾਂਦੀਆਂ ਹਨ ਤਾਂ ਉਹ ਗਰਭਵਤੀ ਇਸਤਰੀ ਨੂੰ ਕਹਿ ਦਿੰਦਾ ਹੈ ਕਿ ਤੇਰੇ ਲੜਕਾ ਪੈਦਾ ਹੋਵੇਗਾ ਪਰ ਨਾਲ ਹੀ ਇਹ ਕਹਿ ਦਿੰਦਾ ਹੈ ਕਿ ਇਸਦੇ ਲੜਕੀ ਪੈਦਾ ਹੋਵੇਗੀ। ਹੁਣ ਸੰਭਾਵਨਾਵਾਂ ਦੋ ਹੀ ਹਨ, ਇਨ੍ਹਾਂ ਵਿੱਚੋਂ ਇੱਕ ਨੇ ਤਾਂ ਠੀਕ ਹੋਣਾ ਹੀ ਹੈ, ਜੇ ਗਰਭਵਤੀ ਨੂੰ ਦੱਸੀ ਗੱਲ ਠੀਕ ਹੋ ਜਾਂਦੀ ਹੈ ਤਾਂ ਉਹ ਕੁੱਝ ਸਾਥਣਾਂ ਨਾਲ ਜੋਤਸ਼ੀ ਜੀ ਲਈ ਦਕਸ਼ਣਾ ਲੈ ਕੇ ਪੁੱਜ ਜਾਂਦੀ ਹੈ, ਨਹੀਂ ਦੂਸਰੀ ਨੇ ਤੇ ਇਹ ਪ੍ਰਚਾਰ ਕਰਨਾ ਹੀ ਹੈ ਕਿ ਜੋਤਸ਼ੀ ਜੀ ਨੇ ਮੈਨੂੰ ਤਾਂ ਪਹਿਲਾਂ ਹੀ ਠੀਕ ਦੱਸ ਦਿੱਤਾ ਸੀ।

ਤਰਕਸ਼ੀਲ ਸੋਸਾਇਟੀ ਭਾਰਤ
98887-87440
ਤਰਕਸ਼ੀਲ ਨਿਵਾਸ, ਗਲੀ ਨੰ.8